A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 13 No: 297 Website : www.punjabiakhbaar.ca Email: editor@punjabiakhbaar.ca Friday, 7 August 2026

## ਕੈਨੇਡਾ 'ਚ ਵਾਪਰੀਆਂ ਦੋ ਵੱਖਰੀਆਂ ਘਟਨਾਵਾਂ ਵਿੱਚ ਦੋ ਪੰਜਾਬਣਾਂ ਦਾ ਕਤਲ ਹੋਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਅਲਬਰਟਾ ਸੂਬੇ ਅਤੇ ਓਨਟਾਰੀਓ ਵਿੱਚ ਪੰਜਾਬੀ ਮੂਲ ਦੀਆਂ ਦੋ ਨੌਜਵਾਨ ਪੰਜਾਬਣ ਲੜਕੀਆਂ ਦੇ ਕਤਲ ਦੇ ਮਾਮਲੇ ਸਾਹਮਣੇ ਆਏ ਹਨ। ਐਡਮੰਟਨ ਦੀ 23 ਵਰ੍ਹਿਆਂ ਦੀ ਦਮਨਪ੍ਰੀਤ ਦਾ ਉਸਦੇ ਹੀ ਨਜ਼ਦੀਕੀ ਸਾਥੀ ਵੱਲੋਂ ਕਤਲ ਕਰ ਦਿੱਤਾ ਗਿਆ । ਪੁਲਿਸ ਵੱਲੋਂ ਇਸ ਮਾਮਲੇ ਵਿੱਚ 22 ਸਾਲ ਦੇ ਰਿਤਿਸ਼ ਕੁਮਾਰ ਨੂੰ ਸੈਕਿੰਡ ਡਿਗਰੀ ਮਰਡਰ ਦੇ ਦੋਸ਼ ਵਿੱਚ ਚਾਰਜ ਕੀਤਾ ਗਿਆ ਹੈ ।ਪੁਲਿਸ ਵੱਲੋਂ 9 ਜੁਲਾਈ ਨੂੰ ਜ਼ਖਮੀ ਹਾਲਤ ਵਿੱਚ ਦਮਨਪ੍ਰੀਤ ਨੂੰ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਸੀ। ਪਰ 12 ਜੁਲਾਈ ਨੂੰ ਉਸਦੀ ਮੌਤ ਹੋ ਗਈ ਸੀ। ਪੋਸਟਮਾਰਟਮ ਦੀ ਰਿਪੋਰਟ ਵਿੱਚ ਇਹ ਤੱਥ ਸਾਹਮਣੇ ਆਇਆ ਕਿ ਦਮਨਪ੍ਰੀਤ ਕੌਰ ਦੀ ਮੌਤ ਗਲਾ ਘੁੱਟਣ ਕਾਰਨ ਹੋਈ ਸੀ। ਮੀਡੀਆ ਰਿਪੋਰਟਾਂ ਅਨੁਸਾਰ ਰਿਤਿਸ਼ ਅਤੇ ਦਮਨਪ੍ਰੀਤ ਕੌਰ ਆਪਸੀ ਪਿਆਰ ਸਬੰਧਾਂ ਵਿੱਚ ਰਹਿ ਰਹੇ ਸਨ। ਐਡਮੰਟਨ ਪੁਲਿਸ ਵੱਲੋਂ ਰਿਤੀਸ਼ ਕੁਮਾਰ ਨੂੰ ਗ੍ਰਿਫਤਾਰ ਕਰਕੇ ਅਤੇ ਉਸ 'ਤੇ ਦੂਜੇ ਦਰਜੇ ਦੇ ਕਤਲ ਦਾ ਦੋਸ਼ ਲਗਾਇਆ ਗਿਆ ਹੈ। ਵਰਨਣਯੋਗ ਹੈ ਕਿ ਦਮਨਪ੍ਰੀਤ ਕੌਰ ਲੁਧਿਆਣੇ ਜ਼ਿਲੇ ਦੇ ਸਮਰਾਲਾ ਕਸਬੇ ਨਾਲ ਸੰਬੰਧਿਤ ਸੀ ਅਤੇ ਕਰੀਬ 5 ਸਾਲ ਪਹਿਲਾਂ ਕੈਨੇਡਾ ਵਿੱਚ ਸਟੱਡੀ ਵੀਜ਼ੇ 'ਤੇ ਆਈ ਸੀ। ਅਜਿਹੀ ਹੀ ਇੱਕ ਹੋਰ ਘਟਨਾ ਵਿੱਚ ਟੋਰੌਂਟੋ ਪੁਲਿਸ ਵੱਲੋਂ ਈਟੋਬਿਕੋ ਵਿੱਚ 26 ਸਾਲ ਦੀ ਨਵਨੀਤ ਕੌਰ ਦੀ ਹੱਤਿਆ ਦੇ ਮਾਮਲੇ ਵਿੱਚ ਬ੍ਰੈਂਪਟਨ ਦੇ ਰਹਿਣ ਵਾਲੇ 37 ਸਾਲ ਦੇ ਸ਼ਰਨਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੂੰ ਹੰਬਰਵੁੱਡ ਬੁਲੇਵਾਰਡ ਅਤੇ ਰੈਕਸਡੇਲ ਬੁਲੇਵਾਰਡ ਦੇ ਨੇੜੇ ਗੋਲੀ ਚੱਲਣ ਦੀ ਵਾਰਦਾਤ ਨੂੰ ਰਿਸਪਾਂਡ ਕੀਤਾ ਗਿਆ । ਜਾਨ ਬਚਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਨਵਨੀਤ ਕੌਰ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਉਹ ਇਸ ਸਾਲ ਸ਼ਹਿਰ ਵਿੱਚ ਕਤਲ ਦਾ ਸ਼ਿਕਾਰ ਹੋਣ ਵਾਲੀ 22ਵੀਂ ਵਿਅਕਤੀ/ਔਰਤ ਹੈ।ਜਾਰੀ ਬਿਆਨ ਵਿੱਚ ਟੋਰੌਂਟੋ ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਸ਼ੱਕੀ ਵਿਅਕਤੀ ਕਤਲ ਕਰਕੇ ਘਟਨਾ ਸਥਾਨ ਤੋਂ ਫ਼ਰਾਰ ਹੋ ਗਿਆ ਸੀ ਪਰ ਪੁਲਿਸ ਵੱਲੋਂ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਗ੍ਰਿਫਤਾਰ ਸ਼ਰਨਜੀਤ ਉੱਪਰ ਪਹਿਲੇ ਦਰਜੇ ਦਾ ਕਤਲ ਅਤੇ ਦਿੱਤੇ ਗਏ ਵਚਨ ਦੀ ਪਾਲਣਾ ਨਾ ਕਰਨ ਦੇ ਦੋਸ਼ ਲਗਾਏ ਗਏ ਹਨ ।ਜਾਂਚ ਕਰਤਾਵਾਂ ਦਾ ਮੰਨਣਾ ਹੈ ਕਿ ਇਹ ਘਟਨਾ ਮਿੱਥ ਕੇ ਕੀਤੀ ਗਈ ਸੀ ਪਰ ਪੁਲਿਸ ਵੱਲੋਂ ਮੁਲਜ਼ਮ ਅਤੇ ਮ੍ਰਿਤਕ ਦੇ ਆਪਸੀ ਰਿਸ਼ਤੇ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਨਵਨੀਤ ਕੌਰ ਪੰਜਾਬ ਦੇ ਅੰਮ੍ਰਿਤਸਰ ਜ਼ਿਲੇ ਨਾਲ ਸੰਬੰਧਿਤ ਸੀ। ਸੋਸਲ ਮੀਡੀਆ ਉੱਪਰ ਦਮਨਪ੍ਰੀਤ ਅਤੇ ਨਵਨੀਤ ਦੀਆਂ ਮ੍ਰਿਤਕ ਦੇਹਾਂ ਭਾਰਤ ਭੇਜਣ ਲਈ ਗੋ ਫੰਡ ਮੀ ਪੇਜ ਸ਼ੁਰੂ ਕੀਤੇ ਗਏ ਹਨ ।



ਦਮਨਪ੍ਰੀਤ ਕੌਰ ਨਵਨੀਤ ਕੌਰ
ਦੋਵੇਂ ਮ੍ਰਿਤਕਾਂ ਦੀ ਫਾਈਲ ਫੋਟੋ

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher, Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

GOLDEN HARMONY CARE
ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆਕੇ ਅਸੀਂ ਕਰਾਂਗੇ
ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ।
ਹੁਣੇ ਕਾਲ ਕਰੋ - 403-439-6688
goldenharmonycare@gmail.com
info@goldenharmonycare.ca
www.goldenharmonycare.ca
ਘਰ ਵਿੱਚ ਦੇਖਭਾਲ ਸੇਵਾ
ਨਿੱਜੀ ਦੇਖਭਾਲ
ਡਿਮੈਂਸ਼ੀਆਂ ਕੇਅਰ
ਖਾਣਾ ਬਣਾਉਣਾ
ਸਫਾਈ
ਸਾਥ-ਸੰਗਤ
ਹੋਸਪਿਸ ਸਮਰਥਨ
ਆਵਾਜਾਈ ਸੇਵਾ
ਰੈਸਪਾਈਟ ਕੇਅਰ
ਨਰਸਿੰਗ ਸੇਵਾਵਾਂ
24 ਘੰਟੇ ਦੇਖਭਾਲ
ਸਰਕਾਰੀ ਫੰਡ ਨਾਲ ਘਰ ਵਿੱਚ ਦੇਖਭਾਲ ਦੀਆਂ ਸੇਵਾਵਾਂ । Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿੱਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚਾ ਲਏ।
ਕੈਲਗਰੀ, ਐਡਮੰਟਨ ਅਤੇ ਆਲੇ-ਦੁਆਲੇ ਦੇ ਸਾਰੇ ਖੇਤਰਾਂ ਵਿੱਚ ਸੇਵਾ ਪ੍ਰਦਾਨ ਕਰਦਾ ਹੈ
ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM

SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
Affinity CABINETS
Closets
Wet Bars
Book Shelving
Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ,ਵੈੱਟਬਾਰ,ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

HARMONY®

# HARBOUR

## ਜਿੱਥੇ ਹਰ ਮੌਸਮ ਘਰ ਵਰਗਾ ਲੱਗਦਾ ਹੈ



ਸਹਿਰੀ ਰਹਿਣ ਸਹਿਣ ਵਿੱਚ ਵੱਡੀਆਂ ਲਾਟਾਂ,ਜੋ ਤੁਹਾਨੂੰ ਹੋਰ ਕਿਧਰੇ ਨਹੀਂ ਮਿਲਦੀਆਂ

ਹਰ ਮੌਸਮ ਲਈ ਸਥਾਪਿਤ ਸਹੂਲਤਾਂ ਅਤੇ ਗਤੀਵਿਧੀਆਂ

2027 ਵਿੱਚ ਖੁੱਲੇਗਾ ਨਵਾਂ ਹਾਰਮਨੀ ਹਾਰਬਰ ਬੀਚ

ਲੇਕ ਅਤੇ ਬੀਚ.ਗੋਲਫ.ਭਵਿੱਖੀ ਨੌਰਡਿਕ ਸਪਾ.ਸਕੇਟਿੰਗ ਰਿੰਕ.ਖੇਡ ਮੈਦਾਨ ਅਤੇ ਪਾਰਕ

**$500 ਦੇ ਮੱਧ ਤੋਂ ਸ਼ੁਰੂ ਹੋਣ ਵਾਲੀ ਕਿਫਾਇਤੀ ਝੀਲ ਦੀ ਰਿਹਾਇਸ਼**

liveinharmony.ca/
harmonyharbour

ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਂਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

The Punjabi Newspaper
ਪੰਜਾਬੀਅਤ ਦਾ ਪਹਿਰਾ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar
Vol: 13 No: 297 Website : www.punjabiakhbaar.ca Email: editor@punjabiakhbaar.ca Friday, 7 August 2026

# ਰੀਜਾਇਨਾ ਸਿੱਖ ਖੇਡਾਂ-2026 ਖਿਡਾਰੀਆਂ ਅਤੇ ਦਰਸ਼ਕਾਂ ਦੇ ਮਨਾਂ ਉੱਪਰ ਅਮਿੱਟ ਛਾਪ ਛੱਡ ਗਈਆਂ

ਰੀਜਾਇਨਾ(ਪੰਜਾਬੀ ਅਖ਼ਬਾਰ ਬਿਊਰੋ) ਬੀਤੀ 1 ਅਗਸਤ ਦਿਨ ਸ਼ਨੀਵਾਰ ਨੂੰ ਸਿੱਖ ਸੋਸਾਇਟੀ ਰੀਜਾਇਨਾ ਗੁਰੂਘਰ ਵੱਲੋਂ ਕਰਵਾਈਆਂ ਗਈ ਰੀਜਾਇਨਾ ਸਿੱਖ ਖੇਡਾ ਬਹੁਤ ਹੀ ਸਫਲਤਾਪੂਰਵਕ ਹੋ ਨਿਬੜੀਆ। ਜਿਸ ਵਿੱਚ 4 ਤੋਂ 15 ਸਾਲ ਦੇ ਬੱਚਿਆਂ-ਬੱਚੀਆਂ, 15 ਤੋਂ 50 ਸਾਲ ਦੇ ਨੌਜਵਾਨ ਮੁੰਡਿਆਂ-ਕੁੜੀਆਂ ਤੋਂ ਲੈ ਕੇ 90 ਸਾਲ ਤੱਕ ਦੇ ਬਜ਼ੁਰਗਾਂ ਨੇ ਵੀ ਪੂਰੇ ਉਤਸ਼ਾਹ ਨਾਲ ਭਾਗ ਲਿਆ। ਇਸ ਦੌਰਾਨ ਦੌੜ, ਲੰਬੀ ਛਾਲ, ਸਲੋ ਸਾਈਕਲਿੰਗ, ਗਤਕਾ, ਗੋਲਾ ਸੁੱਟਣਾ, ਮਿਊਜ਼ੀਕਲ ਚੇਅਰ ਅਤੇ ਰੱਸਾਕਸ਼ੀ ਦੇ ਰੋਮਾਂਚਕ ਤੇ ਫਸਵੇਂ ਮੁਕਾਬਲੇ ਕਰਵਾਏ ਗਏ। ਦਿਨ ਭਰ ਬਹੁਤ ਜ਼ਿਆਦਾ ਗਰਮੀ ਹੋਣ ਦੇ ਬਾਵਜੂਦ ਸੰਗਤਾਂ ਅਤੇ ਭਾਗ ਲੈਣ ਵਾਲਿਆਂ ਵਿੱਚ ਪੂਰਾ ਜੋਸ਼ ਅਤੇ ਉਤਸ਼ਾਹ ਦੇਖਣ ਨੂੰ ਮਿਲਿਆ। ਵੱਖ-ਵੱਖ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਸਾਰੇ ਜੇਤੂਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਟੋਰਾਂਟੋ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਲੱਖਾ ਗਾਜ਼ੀਪੁਰੀਆ ਦਾ ਰੀਜਾਈਨਾ ਸਿੱਖ ਸੋਸਾਇਟੀ ਵੱਲੋਂ ਸਨਮਾਨ ਕੀਤਾ ਗਿਆ। ਸਥਾਨਕ ਵਿਧਾਇਕ ਭਜਨ ਬਰਾੜ, ਨੂਰ ਬੁਰਕੀ, ਸੰਸਦ ਮੈਂਬਰ ਮਾਈਕਲ ਕ੍ਰੈਮ ਅਤੇ ਹੋਰ ਪ੍ਰਮੁੱਖ ਆਗੂਆਂ ਨੇ ਵੀ ਸ਼ਿਰਕਤ ਕਰਕੇ ਸਮਾਗਮ ਦੀ ਸ਼ੋਭਾ ਵਧਾਈ। ਉਨ੍ਹਾਂ ਨੇ ਰੀਜਾਈਨਾ ਸਿੱਖ ਸੋਸਾਇਟੀ ਵੱਲੋਂ ਕਰਵਾਏ ਗਏ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਪ੍ਰਬੰਧਕ ਕਮੇਟੀ, ਵਾਲੰਟੀਅਰਾਂ ਅਤੇ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ ਨੂੰ ਵਧਾਈ ਦਿੱਤੀ। ਰੀਜਾਇਨਾ ਸਿੱਖ ਸੋਸਾਇਟੀ ਦੀ ਕਮੇਟੀ ਵੱਲੋਂ ਸਮੂਹ ਸਿੱਖ ਸੰਗਤ, ਸਾਰੇ ਵਾਲੰਟੀਅਰਾਂ, ਭਾਗ ਲੈਣ ਵਾਲੇ ਖਿਡਾਰੀਆਂ ਅਤੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਸਮਾਗਮ ਬਹੁਤ ਹੀ ਸਫਲ ਰਿਹਾ। ਗੁਰੂ ਦਾ ਅਟੁੱਟ ਲੰਗਰ ਵੀ ਵਰਤਾਇਆ ਗਿਆ ਇਸਦੇ ਨਾਲ ਨਾਲ ਸਰਦਾਈ ਦਾ ਲੰਗਰ ਵੀ ਵਰਤਾਇਆ ਗਿਆ।ਲੰਗਰ ਬਣਾਉਣ ਤੇ ਵਰਤਾਉਣ ਵਾਲੇ ਸਾਰੇ ਸੇਵਾਦਾਰਾਂ ਦਾ ਵੀ ਗੁਰੂ ਘਰ ਦੀ ਕਮੇਟੀ ਵੱਲੋਂ ਵੀ ਵਿਸੇਸ ਧੰਨਵਾਦ ਕੀਤਾ ਗਿਆ।





ਬਾਕੀ ਸਟੋਰੀ ਸਫ਼ਾ ਨੰ. 22 'ਤੇ

RANDY SINGH
306.361.7810
REALTOR®, CENTURY 21 Fusion
Residential | Commercial | Farm
Home Buyer & Listing Specialist!
Serving Saskatoon, Warman, Martensville and surrounding area, offering the highest level of expertise and service with integrity.
AWARD WINNING SERVICE
CENTURION® Team (C21 Canada 2025)
Top 30 Under 30 by Units (C21 Canada 2023)
randy.singh@c21.ca | randysinghrealty.com

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorship · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigration Consultant)
306-201-4464
Regina, SK navimmigrationservices@gmail.com

Bullet
Now Hiring
We are hiring Company Drivers & Owner Operators for USA Open Board
MUST HAVE
- Clean Driver Abstract and CVOR
- Clear Criminal Search
- Minimum 6 months verifiable experience
SPECIAL OFFER
- Steady Milage and Home time
- Bi Week Directly diposit
- Excellent equipment Dedicated to you
- Paid Border cross and waiting time after 2 Hours!
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

WE'RE IN THE PEOPLE BUSINESS, WE JUST HAPPEN TO DO MORTGAGES.®
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
VINE GROUP MORTGAGE BROKERAGE
LIC. 512011
200 1965 Broad Street, Regina, SK S4P 1Y1

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE, Calgary, AB T3J 4L8

PUNJAB TOWING
Punjab Towing Regina (SK)
New horizon park #9 building, Pilot Butte, SK S0G 3Z0
Punjab Towing Swift Current (SK )
1975 Chaplin St W, Swift Current, SK S9H 5G6
Now Service Saskatoon & Surrounding Areas
1 306 552 9629, 1 306 510 4929
Dispatch@punjabtowing.co
Semi truck, trailer towing expert
Tow & recovery, storage service
Anywhere in SK, AB, MB, BC, ON 24/7 available

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

# "ਰਣਧੀਰ ਸਿਆਂ ਲਾ ਸੀਫ ਦੀ ਬਾਜੀ"

## ਚੈਸਟਰਮੀਅਰ ਵਿੱਚ ਤਾਸ਼ ਖੇਡਣ ਦੇ ਮੁਕਾਬਲੇ ਹੋਏ



ਚੈਸਟਰਮੀਅਰ (ਪੰਜਾਬੀ ਅਖ਼ਬਾਰ ਬਿਊਰੋ)- ਚੈਸਟਰਮੀਅਰ ਪੰਜਾਬੀ ਬਜ਼ੁਰਗ (ਸੀਨੀਅਰਜ਼) ਸੁਸਾਇਟੀ ਵੱਲੋਂ ਮਿਤੀ 17 ਜੁਲਾਈ 2026 ਨੂੰ ਚੈਸਟਰਮੀਅਰ ਦੇ ਸਾਊਥ ਸ਼ੋਰ ਕੋਲ ਬਲਿਊ ਬ੍ਰਿਜ ਤੇ ਤਾਸ਼ ਦੇ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਅੱਠ ਟੀਮਾਂ ਨੇ ਭਾਗ ਲਿਆ। ਇਹ ਮੁਕਾਬਲੇ ਸੁਖਦੇਵ ਸਿੰਘ ਅਤੇ ਜਸਵੰਤ ਸਿੰਘ ਦੀ ਨਿਗਰਾਨੀ ਅਧੀਨ ਹੋਏ। ਜੋਗਿੰਦਰ ਸਿੰਘ ਅਤੇ ਰਣਧੀਰ ਸਿੰਘ ਦੀ ਟੀਮ ਪਹਿਲੇ ਸਥਾਨ ਤੇ ਰਹੀ ਅਤੇ ਦੂਜੇ ਸਥਾਨ ਤੇ ਤਰਲੋਚਨ ਸਿੰਘ ਅਤੇ ਅਮਰਜੀਤ ਸਿੰਘ ਦੀ ਟੀਮ ਰਹੀ। ਰਣਧੀਰ ਸਿੰਘ ਨੂੰ ਸਪੈਸ਼ਲ ਇਨਾਮ ਦਿੱਤਾ ਗਿਆ। ਇਨਾਮਾਂ ਦੀ ਵੰਡ ਡਾਇਰੈਕਟਰ ਗੁਰਮੇਲ ਸਿੰਘ ਫੌਜੀ ਅਤੇ ਡਾਇਰੈਕਟਰ ਹਰਦੀਪ ਸਿੰਘ ਗਰੇਵਾਲ ਨੇ ਕੀਤੀ। ਗੁਰਪਾਲ ਸਿੰਘ ਤੂਰ, ਮਾਸਟਰ ਹਰੀ ਸਿੰਘ, ਸੁਖਮੰਦਰ ਸਿੰਘ ਵੜਿੰਗ, ਜਗਦੀਪ ਸਿੰਘ, ਆਤਮਾ ਸਿੰਘ ਗਿੱਲ, ਭਰਪੂਰ ਸਿੰਘ ਘੁਮਾਣ, ਸਰਵਨ ਸਿੰਘ ਅਤੇ ਜਗਰਾਜ ਸਿੰਘ ਗਿੱਲ ਨੇ ਵੀ ਮੁਕਾਬਲੇ ਵਿੱਚ ਹਿੱਸਾ ਲਿਆ।








ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ

App Store    Play Store






# ਕੈਲਗਰੀ ਕਬੱਡੀ ਕੱਪ ਆਪਣੀਆਂ ਅਮਿਟ ਯਾਦਾਂ ਛੱਡਦਾ ਹੋਇਆ ਸਮਾਪਤ ਹੋਇਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਸਾਲਾਂ ਦੀ ਇਸ ਵਾਰ ਵੀ ਮਾਰਟਿਨਵੈਲੀ ਸਪੋਰਟਸ ਕਲੱਬ, ਅੰਬੀ ਐਡ ਬਿੰਦਾ ਸਪੋਰਟਸ ਕਲੱਬ ਅਤੇ ਸਾਂਝਾ ਪੰਜਾਬ ਸਪੋਰਟਸ ਵੱਲੋਂ ਸਾਂਝੇ ਤੌਰ ,ਤੇ ਕਰਵਾਏ ਗਏ ਇਸ ਸਾਲ ਦੇ ਇਕਲੌਤੇ ਅਤੇ ਆਖਿਰੀ ਕਬੱਡੀ ਕੱਪ 2026 ਦੇ ਮੈਚ ਯਾਂਦਗਾਰੀ ਹੋ ਨਿੱਬੜੇ। ਅੱਤ ਦੀ ਗਰਮੀ ਅਤੇ ਅਸਮਾਨ ਵਿੱਚ ਧੂੰਆਂ ਹੋਣ ਦੇ ਬਾਵਯੂਦ ਵੀ ਦਰਸਕਾਂ ਦਾ ਹੜ੍ਹ ਆਇਆ ਹੋਇਆ ਸੀ। ਫਾਈਨਲ ਮੈਚਾਂ ਦੌਰਾਨ ਯੂਥ ਕਬੱਡੀ ਕਲੱਬ ਦੇ 42 ਅਤੇ ਸਾਂਝਾ ਪੰਜਾਬ ਕਬੱਡੀ ਕਲੱਬ ਦੇ 29 ਅੰਕ ਦਰਜ ਹੋਏ। ਦੂੱਲਾ ਚੱਠਾ ਗੋਬਿੰਦਪੁਰਾ ਨੇ 18 ਰੇਡਾਂ ਪਾਈਆਂ ਅਤੇ 15 ਪੋਆਇੰਟ ਹਾਸਿਲ ਕਰਦਿਆਂ ਬੈਸਟ ਰੇਡਰ ਦਾ ਖਿਤਾਬ ਜਿੱਤਿਆ। ਜਦੋਂ ਕਿ ਪਾਲਾ ਜਲਾਲਪੁਰੀਆ,ਪਰਤਾਪ ਕਡਿਆਣਾ ਅਤੇ ਗੋਪੀ ਮਾਣਕਪੁਰੀ ਬੈਸਟ ਰੇਡਰ ਚੁਣੇ ਗਏ। ਬੈਸਟ ਰੇਡਰ ਅਤੇ ਬੈਸਟ ਸਟਾਪਰਾਂ ਨੂੰ 1100 ਕਨੇਡੀਅਨ ਡਾਲਰ ਨਾਲ ਸਨਮਾਨਿਤ ਕੀਤਾ ਗਿਆ। ਪੰਜਾਬੀ ਅਤੇ ਪਾਕਿਸਤਾਨੀ ਮੂਲ ਦੇ ਮੈਂਬਰ ਪਾਰਲੀਮੈਂਟ ਵੀ ਇਸ ਟੂਰਨਾਮੈਂਟ ਦਾ ਹਿੱਸਾ ਬਣੇ। ਕੈਲਗਰੀ ਦੀਆਂ ਸਾਰੀਆਂ ਕਲੱਬਾਂ ਅਤੇ ਨੈਸ਼ਨਲ ਕਬੱਡੀ ਐਸੋਸੀਏਸ਼ਨ ਆਫ ਕੈਨੇਡਾ ਦੇ ਜੁਗਰਾਜ ਬਰਾੜ ਮਾਹਲਾ, ਕੁਲਦੀਪ ਸੰਧੂ,ਸਨੀ ਪੂਨੀਆਂ,ਖੁਰਸ਼ੀਦ ਆਲਮ ਸੰਧੂ,ਨਿਸ਼ਾਨ ਭਮੀਪੁਰੀਆ ਤੇ ਜਸਜੀਤ ਸਿੰਘ ਪਰਵੇਜ ਨਗਰ, ਇਰਫਾਨ ਵੜੈਚ,ਗੁਰਪ੍ਰੀਤ ਸੰਧੂ,ਨਵਪ੍ਰੀਤ ਗਿੱਲ ਜੈਲਦਾਰ,ਜਸ ਮਾਂਗਟ,ਜੱਸਾ ਕਾਲੇਕੇ,ਦਵਿੰਦਰ ਗਿੱਲ ਹੋਰੀ ਵਧਾਈ ਦੇ ਪਾਤਰ ਹਨ।







## 1338 ਕਿਲੋਮੀਟਰ ਦਾ ਸਾਹਸੀ ਸਫਰ

## ਉਡਣੇ ਸਿੱਖਾਂ ਦੇ ਪਰਿਵਾਰ ਵੱਜੋਂ ਜਾਣੇ ਜਾਂਦੇ 65 ਸਾਲਾ ਨਾਨੇ ਅਤੇ 11 ਸਾਲਾ ਦੋਹਤੀ ਨੇ ਮੋਟਰਸਾਈਕਲ ਉੱਪਰ ਜੰਮੂ ਕਸ਼ਮੀਰ ਦੇ ਪਹਾੜਾਂ ਦੀ ਗੇੜੀ ਲਾਈ


ਸਾਬਕਾ ਡੀਟੀਓ ਗੁਰਚਰਨ ਸਿੰਘ ਸੰਧੂ, ਜੁਗਜੀਤ ਮਾਨ ਅਤੇ ਉਨ੍ਹਾਂ ਦੀ ਦੋਹਤੀ ਨੂੰ ਮੁਕਤਸਰ ਸਾਹਿਬ ਪਹੁੰਚਣ 'ਤੇ ਸਨਮਾਨਿਤ ਕਰਦੇ ਹੋਏ।

ਸ੍ਰੀ ਮੁਕਤਸਰ ਸਾਹਿਬ (ਪੰਜਾਬੀ ਅਖ਼ਬਾਰ ਬਿਊਰੋ ) ਆਪਣੇ ਦਲੇਰਾਨਾ ਕਾਰਜਾਂ ਲਈ ਜਾਣੇ ਜਾਂਦੇ ਬਠਿੰਡੇ ਜਿਲੇ ਦੇ ਪਿੰਡ ਤੁੰਗਵਾਲੀ ਦੇ ਜੰਮਪਲ ਅਤੇ ਹੁਣ ਸ੍ਰੀ ਮੁਕਤਸਰ ਸਾਹਿਬ ਦੇ ਨਿਵਾਸੀ 65 ਸਾਲਾ ਜਗਜੀਤ ਸਿੰਘ ਮਾਨ ਨੇ ਇੱਕ ਵਾਰ ਫਿਰ ਅਸੰਭਵ ਨੂੰ ਸੰਭਵ ਕਰ ਵਿਖਾਇਆ ਹੈ। ਉਹਨਾਂ ਆਪਣੀ 11 ਸਾਲਾਂ ਦੋਹਤੀ ਅੰਦਾਜ਼ ਕੌਰ ਬਰਾੜ ਪੁੱਤਰੀ ਸਰਦਾਰ ਸੰਦੀਪ ਸਿੰਘ ਬਰਾੜ ਨਾਲ ਰੋਇਲ ਐਨਫੀਲਡ ਹਿਮਾਲੀਅਨ ਮੋਟਰਸਾਈਕਲ ਤੇ ਜੰਮੂ ਕਸ਼ਮੀਰ ਦੀਆਂ ਖਤਰਨਾਕ ਪਹਾੜੀ ਘਾਟੀਆਂ ਦਾ 1338 ਕਿਲੋਮੀਟਰ ਦਾ ਲੰਬਾ ਸਫਰ ਸਫਲਤਾ ਪੂਰਵਕ ਤੈਅ ਕੀਤਾ। 21 ਜੁਲਾਈ ਤੋਂ ਲੈ ਕੇ 26 ਜੁਲਾਈ 2026 ਤੱਕ ਚੱਲੇ ਇਹ ਸਫਰ ਦੌਰਾਨ ਜੰਮੂ ਕਸ਼ਮੀਰ ਵਿੱਚ ਭਾਰੀ ਮੀਂਹ, ਲੈਂਡ ਸਲਾਈਡਿੰਗ, ਖਰਾਬ ਮੌਸਮ ਅਤੇ ਪ੍ਰਸ਼ਾਸਨਿਕ ਲੋਕਾਂ ਦੇ ਬਾਵਜੂਦ ਨਾਨੇ ਦੋਹਤੀ ਦੀ ਜੋੜੀ ਨੇ ਰੂਟ ਬਦਲ ਕੇ ਯਾਤਰਾ ਜਾਰੀ ਰੱਖੀ। ਅਣਕਿਆਸੀਆਂ ਮੋਟਰਸਾਈਕਲ ਦੀਆਂ ਕੁੱਝ ਤਕਨੀਕੀ ਖਰਾਬੀਆਂ ਨੂੰ ਵੀ ਇਸ ਸਫਰ ਦੌਰਾਨ ਖਿੜੇ ਮੱਥੇ ਕਬੂਲਦਿਆਂ ਨਾਨਾ ਦੋਹਤੀ ਨੇ ਆਪਣਾ ਸਫਰ ਜਾਰੀ ਰੱਖਿਆ। ਸ੍ਰੀ ਮੁਕਤਸਰ ਸਾਹਿਬ ਤੋਂ ਸ਼ੁਰੂ ਹੋ ਕੇ ਫਰੀਦਕੋਟ, ਤਲਵੰਡੀ ਭਾਈ, ਤਰਨ ਤਾਰਨ, ਸ੍ਰੀ ਅੰਮ੍ਰਿਤਸਰ ਸਾਹਿਬ, ਕਠੂਆਂ, ਜੰਮੂ ਊਧਮਪੁਰ, ਰਾਮਬਾਣ, ਗਾਜ਼ੀ ਗੁੰਡ, ਅਨੰਤ ਨਾਗ ਅਤੇ ਸ੍ਰੀ ਨਗਰ ਤੱਕ ਦੀ ਯਾਤਰਾ ਕਰਦਿਆਂ ਇਸੇ ਰਸਤੇ ਘਰ ਵਾਪਸ ਪਰਤੇ। ਘਰ ਵਾਪਸ ਪਰਤਣ ਉਪਰੰਤ ਪਹਿਲਾਂ ਹੀ ਉਹਨਾਂ ਬੇਸਬਰੀ ਨਾਲ ਹੋ ਰਹੀ ਉਡੀਕ,ਫੁੱਲਾਂ ਦੀ ਵਰਖਾ, ਆਤਿਸ਼ਬਾਜੀ, ਸਨਮਾਨ ਰੂਪੀ ਮੈਡਲ ਅਤੇ ਸ਼ਾਲ ਨਾਲ ਦੋਹਾਂ ਦੇ ਸਨਮਾਨ ਵਿੱਚ ਬਦਲ ਗਈ। ਇਸ ਮੌਕੇ ਸਾਬਕਾ ਡੀਟੀਓ ਗੁਰਚਰਨ ਸਿੰਘ ਸੰਧੂ, ਜਗਸੀਰ ਸਿੰਘ, ਹਰਜੋਤ ਸਿੰਘ ਰੌਕੀ, ਅਨੰਤ ਸਿੰਘ ਬਰਾੜ, ਅਸੀਸ ਕੌਰ ਬਰਾੜ, ਸੁਖਦੀਪ ਕੌਰ, ਸੁਖਵਿੰਦਰ ਕੌਰ, ਬੇਟੀ ਜਿੰਦਪ੍ਰੀਤ ਮਾਨ, ਅਹਿਸਾਸ ਕੌਰ ਬਰਾੜ, ਪਰਮਿੰਦਰ ਕੌਰ ਮਾਨ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।



# ਨਾਰਥ ਈਸਟ ਸੀਨੀਅਰ ਸੋਸਾਇਟੀ ਵੱਲੋਂ ਮੈਡੀਕਲ ਕੈਂਪ ਲਗਾਇਆ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥਈਸਟ ਸੀਨੀਅਰ ਸੋਸਾਇਟੀ ਵੱਲੋਂ ਮਾਣਯੋਗ ਪ੍ਰਧਾਨ ਸ: ਕੇਵਲ ਸਿੰਘ ਲੋਹਾਰਾ ਦੀ ਅਗਵਾਈ ਹੇਠ ਆਪਣੇ ਸੀਨੀਅਰ ਸਾਥੀਆਂ ਲਈ ਜੈਨੇਸਿਸ ਫਾਰਮੇਸੀ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੈਡੀਕਲ ਕੈਂਪ ਵਿੱਚ ਸੀਨੀਅਰ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਅਤੇ ਆਪਣੀ ਸਿਹਤ ਸੰਬੰਧੀ ਜਾਂਚ ਅਤੇ ਲੋੜੀਂਦੀ ਸਿਹਤ ਸਲਾਹ ਦਾ ਲਾਭ ਉਠਾਇਆ। ਪ੍ਰਧਾਨ ਸ: ਕੇਵਲ ਸਿੰਘ ਲੋਹਾਰਾ ਨੇ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਇਸ ਉਪਰਾਲੇ ਦਾ ਮੁੱਖ ਉਦੇਸ਼ ਸੀਨੀਅਰਾਂ ਨੂੰ ਆਪਣੀ ਸਿਹਤ ਪ੍ਰਤੀ ਜਾਗਰੂਕ ਕਰਨਾ ਅਤੇ ਸਮੇਂ-ਸਮੇਂ 'ਤੇ ਸਿਹਤ ਦੀ ਜਾਂਚ ਕਰਵਾਉਣ ਲਈ ਪ੍ਰੇਰਿਤ ਕਰਨਾ ਸੀ। ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸਿਹਤ ਅਤੇ ਸਮਾਜ ਸੇਵਾ ਦੇ ਉਪਰਾਲੇ ਜਾਰੀ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।




ਗਲੋਬਲ ਪਰਵਾਸੀ ਸੀਨੀਅਰ ਸਿਟੀਜਨ ਸੋਸਾਇਟੀ ਕੈਲਗਰੀ ਵੱਲੋਂ ਬਜੁਰਗਾਂ ਨੂੰ ਬੁਢਾਪੇ ਵਿੱਚ ਆਉਂਦੀਆਂ ਦਿਮਾਗੀ ਬਿਮਾਰੀਆਂ ਤੋਂ ਸੁਚੇਤ ਕਰਨ ਲਈ ਕੈਂਪ ਲਗਾਇਆ ਗਿਆ












# ਕਾਨੂੰਨ ਪ੍ਰਬੰਧ, ਚੁੱਪ ਅਤੇ ਉੱਠਦੇ ਸਵਾਲ

**ਪੇਪਰ ਲੀਕ ਮਾਮਲੇ ’ਤੇ ਇੱਕ ਬਹੁਤ ਹੀ ਮਹੱਤਵਪੂਰਨ ਸਮਿਤੀ ‘ਇਸਰੋ’ ਦੇ ਸਾਬਕਾ ਮੁਖੀ ਡਾ. ਰਾਧਾਕ੍ਰਿਸ਼ਨਨ ਦੀ ਅਗਵਾਈ ਹੇਠ ਬਣਾਈ ਗਈ ਸੀ। ਉਸ ਸਮਿਤੀ ਨੇ 101 ਮਹੱਤਵਪੂਰਨ ਸਿਫ਼ਾਰਸ਼ਾਂ ਦਿੱਤੀਆਂ ਸਨ, ਪਰ ਅਫ਼ਸੋਸ ਕਿ ਉਹਨਾਂ ਵਿੱਚੋਂ ਇੱਕ ਵੀ ਲਾਗੂ ਨਹੀਂ ਕੀਤੀ ਗਈ। ਹੁਣ ਇੱਕ ਹੋਰ ਨਵੀਂ ਕਮੇਟੀ ਨੰਦਨ ਨੀਲੇਕਣੀ ਦੀ ਅਗਵਾਈ ਵਿੱਚ ਗਠਿਤ ਕਰ ਦਿੱਤੀ ਗਈ ਹੈ। ਇੱਥੇ ਸਵਾਲ ਉੱਠਦਾ ਹੈ ਕਿ ਪ੍ਰਾਪਤ ਹੋਈਆਂ ਪੁਰਾਣੀਆਂ ਸਿਫ਼ਾਰਸ਼ਾਂ ਨੂੰ ਕਦੋਂ ਲਾਗੂ ਕੀਤਾ ਜਾਵੇਗਾ ਅਤੇ ਨਵੀਂ ਕਮੇਟੀ ਦੀਆਂ ਰਿਪੋਰਟਾਂ ਕਦੋਂ ਆਉਣਗੀਆਂ? ਇਸ ਬਾਰੇ ਕੋਈ ਨਹੀਂ ਜਾਣਦਾ।**



ਗੁਰਮੀਤ ਸਿੰਘ ਪਲਾਹੀ
9815802070

ਇਤਿਹਾਸ ਗਵਾਹ ਹੈ ਕਿ ਸਿਫ਼ਾਰਸ਼ੀ ਕਮੇਟੀਆਂ ਬਣਦੀਆਂ ਹਨ, ਰਿਪੋਰਟਾਂ ਆਉਂਦੀਆਂ ਹਨ, ਪਰ ਫਿਰ ਵੀ ਪ੍ਰਬੰਧ ਉੱਥੇ ਦਾ ਉੱਥੇ ਹੀ ਖੜ੍ਹਾ ਰਹਿੰਦਾ ਹੈ। ਸਾਲ-ਦਰ-ਸਾਲ ਪ੍ਰੀਖਿਆਵਾਂ ਦੇ ਪਰਚੇ ਲੀਕ ਹੁੰਦੇ ਰਹਿੰਦੇ ਹਨ। ਸਰਕਾਰ, ਪ੍ਰੀਖਿਆ ਪ੍ਰਣਾਲੀ ਅਤੇ ਪ੍ਰਬੰਧ ਵਿੱਚ ਸੁਧਾਰ ਲਿਆਉਣ ਪ੍ਰਤੀ ਆਖਰ ਚੁੱਪ ਵੱਟੀ ਕਿਉਂ ਬੈਠੀ ਰਹਿੰਦੀ ਹੈ?

ਸਾਲ 2020 ਤੋਂ 2025 ਦੇ ਵਿਚਕਾਰ 45 ਵੱਡੇ ਪੇਪਰ ਲੀਕ ਹੋਏ, ਪਰ ਸਿਰਫ਼ ਦੋ ਮਾਮਲਿਆਂ ਵਿੱਚ ਹੀ ਦੋਸ਼ੀਆਂ ਨੂੰ ਸਜ਼ਾ ਮਿਲ ਸਕੀ। ਸਾਲ 2024 ਵਿੱਚ ਪੇਪਰ ਲੀਕ ਦੇ ਮਾਮਲਿਆਂ ਨੂੰ ਰੋਕਣ ਲਈ ਕੇਂਦਰ ਸਰਕਾਰ ਵੱਲੋਂ ‘ਪਬਲਿਕ ਐਗਜ਼ਾਮੀਨੇਸ਼ਨ (ਪ੍ਰੀਵੈਂਸ਼ਨ ਆਫ਼ ਅਨਫੇਅਰ ਮੀਨਜ਼) ਐਕਟ’ ਬਣਾਇਆ ਗਿਆ ਸੀ। ਪਰ 2026 ਵਿੱਚ ਫਿਰ ਤੋਂ ਨੀਟ ਵਰਗੀਆਂ ਮੁੱਖ ਪ੍ਰੀਖਿਆਵਾਂ ਦੇ ਪਰਚੇ ਲੀਕ ਹੋ ਗਏ। ਇਸ ਤੋਂ ਬਾਅਦ ਇੱਕ ਹੋਰ ਨਵਾਂ ਸੋਧ ਬਿੱਲ ਪਾਸ ਕਰਕੇ ਸਜ਼ਾ ਵਧਾ ਦਿੱਤੀ ਗਈ ਹੈ।

ਨਵੇਂ ਕਾਨੂੰਨ ਦੇ ਮੁੱਖ ਤੱਥਾਂ ’ਤੇ ਨਜ਼ਰ ਮਾਰੀਏ ਤਾਂ ਇਸ ਵਿੱਚ ਅਪਰਾਧੀਆਂ ਲਈ 3 ਤੋਂ 5 ਸਾਲ ਦੀ ਕੈਦ ਨੂੰ ਵਧਾ ਕੇ 5 ਤੋਂ 10 ਸਾਲ ਤੱਕ ਕਰ ਦਿੱਤਾ ਗਿਆ ਹੈ ਅਤੇ ਜੁਰਮਾਨਾ 10 ਲੱਖ ਤੋਂ ਵਧਾ ਕੇ 1 ਕਰੋੜ ਰੁਪਏ ਤੱਕ ਮਿੱਥਿਆ ਗਿਆ ਹੈ। ਸੰਗਠਿਤ ਅਪਰਾਧਿਕ ਗਿਰੋਹਾਂ ਦੀਆਂ ਸੰਪਤੀਆਂ ਜ਼ਬਤ ਕਰਨ, ਪ੍ਰੀਖਿਆ ਸੰਚਾਲਨ ਕਰਨ ਵਾਲੀਆਂ ਏਜੰਸੀਆਂ ਦੇ ਦੋਸ਼ੀ ਅਧਿਕਾਰੀਆਂ ’ਤੇ ਸਖ਼ਤ ਕਾਰਵਾਈ ਕਰਨ ਅਤੇ ਕੇਸਾਂ ਨੂੰ ਗੈਰ-ਜ਼ਮਾਨਤੀ ਸ਼੍ਰੇਣੀ ਵਿੱਚ ਰੱਖਣ ਦੇ ਉਪਬੰਧ ਕੀਤੇ ਗਏ ਹਨ। ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਸਿਰਫ਼ ਕਾਨੂੰਨ ਦੀਆਂ ਕਿਤਾਬਾਂ ਵਿੱਚ ਸਜ਼ਾਵਾਂ ਸਖ਼ਤ ਲਿਖ ਦੇਣ ਨਾਲ ਪੇਪਰ ਲੀਕ ਹੋਣਾ ਬੰਦ ਹੋ ਜਾਵੇਗਾ? ਅਸਲ ਮੁੱਦਾ ਤਾਂ ਇਹ ਹੈ ਕਿ ਪੇਪਰ ਲੀਕ ਹੋਣ ਦੇ ਮੁੱਖ ਕਾਰਨਾਂ ਅਤੇ ਪ੍ਰਬੰਧਕੀ ਨਾਕਾਮੀਆਂ ’ਤੇ ਸਰਕਾਰ ਕੀ ਕਾਰਵਾਈ ਕਰ ਰਹੀ ਹੈ? ਇਸ ਦਾ ਜਵਾਬ ਫਿਲਹਾਲ ਕਿਧਰੇ ਨਜ਼ਰ ਨਹੀਂ ਆਉਂਦਾ।

ਜੇਕਰ ਹਾਲੀਆ ਘਟਨਾਵਾਂ ’ਤੇ ਝਾਤ ਮਾਰੀਏ ਤਾਂ ਸਰਕਾਰ ਅਤੇ ਪ੍ਰੀਖਿਆ ਏਜੰਸੀਆਂ ਦੇ ਭੈੜੇ ਪ੍ਰਬੰਧ ਦੀ ਪੋਲ ਖੁੱਲ੍ਹ ਜਾਂਦੀ ਹੈ। ਨੀਟ-ਯੂ.ਜੀ.ਸੀ- 2024 ਪ੍ਰੀਖਿਆ ਦੌਰਾਨ ਪਟਨਾ ਵਿੱਚ ਉਮੀਦਵਾਰਾਂ ਨੂੰ ਪ੍ਰਸ਼ਨ ਪੱਤਰ ਰਟਵਾਏ ਜਾਣ ਦੇ ਖੁਲਾਸੇ ਹੋਏ, ਗੋਧਰਾ ਵਿੱਚ ਕੇਂਦਰ ਸੈਟਿੰਗ ਦੇ ਮਾਮਲੇ ਸਾਹਮਣੇ ਆਏ ਅਤੇ ਅਚਾਨਕ ਦਰਜਨਾਂ ਵਿਦਿਆਰਥੀਆਂ ਦੇ ਪੂਰੇ ਅੰਕ ਆਉਣ ਨਾਲ ਦੇਸ਼ ਭਰ ਵਿੱਚ ਹਾਹਾਕਾਰ ਮਚ ਗਈ। ਇਸ ਤੋਂ ਤੁਰੰਤ ਬਾਅਦ ਯੂ.ਜੀ.ਸੀ.-ਨੀਟ ਪ੍ਰੀਖਿਆ ਨੂੰ ਗ੍ਰਹਿ ਮੰਤਰਾਲੇ ਦੀਆਂ ਰਿਪੋਰਟਾਂ ਤੋਂ ਬਾਅਦ ਰੱਦ ਕਰਨਾ ਪਿਆ ਅਤੇ ਸੀਐੱਸਆਈਆਰ-ਨੀਟ ਦੀਆਂ ਪ੍ਰੀਖਿਆਵਾਂ ਮੁਲਤਵੀ ਕਰਨੀਆਂ ਪਈਆਂ। ਹੱਦ ਤਾਂ ਉਦੋਂ ਹੋ ਗਈ ਜਦੋਂ 2026 ਵਿੱਚ ਸੀਕਰ ਗਿਰੋਹ ਵੱਲੋਂ ਫਿਰ ਤੋਂ ਪਰਚਾ ਲੀਕ ਕਰਨ ਦਾ ਮਾਮਲਾ ਸਾਹਮਣੇ ਆਇਆ। ਇਹ ਘਟਨਾਵਾਂ ਸਾਬਤ ਕਰਦੀਆਂ ਹਨ ਕਿ ਸਰਕਾਰ ਦਾ ਪ੍ਰਬੰਧਕੀ ਢਾਂਚਾ ਅੰਦਰੋਂ ਬਿਲਕੁਲ ਖੋਖਲਾ ਹੋ ਚੁੱਕਾ ਹੈ।




ਪੇਪਰ ਲੀਕ ਮਾਮਲੇ ’ਤੇ ਇੱਕ ਬਹੁਤ ਹੀ ਮਹੱਤਵਪੂਰਨ ਸਮਿਤੀ ‘ਇਸਰੋ’ ਦੇ ਸਾਬਕਾ ਮੁਖੀ ਡਾ. ਰਾਧਾਕ੍ਰਿਸ਼ਨਨ ਦੀ ਅਗਵਾਈ ਹੇਠ ਬਣਾਈ ਗਈ ਸੀ। ਉਸ ਸਮਿਤੀ ਨੇ 101 ਮਹੱਤਵਪੂਰਨ ਸਿਫ਼ਾਰਸ਼ਾਂ ਦਿੱਤੀਆਂ ਸਨ, ਪਰ ਅਫ਼ਸੋਸ ਕਿ ਉਹਨਾਂ ਵਿੱਚੋਂ ਇੱਕ ਵੀ ਲਾਗੂ ਨਹੀਂ ਕੀਤੀ ਗਈ। ਹੁਣ ਇੱਕ ਹੋਰ ਨਵੀਂ ਕਮੇਟੀ ਨੰਦਨ ਨੀਲੇਕਣੀ ਦੀ ਅਗਵਾਈ ਵਿੱਚ ਗਠਿਤ ਕਰ ਦਿੱਤੀ ਗਈ ਹੈ। ਇੱਥੇ ਸਵਾਲ ਉੱਠਦਾ ਹੈ ਕਿ ਪ੍ਰਾਪਤ ਹੋਈਆਂ ਪੁਰਾਣੀਆਂ ਸਿਫ਼ਾਰਸ਼ਾਂ ਨੂੰ ਕਦੋਂ ਲਾਗੂ ਕੀਤਾ ਜਾਵੇਗਾ ਅਤੇ ਨਵੀਂ ਕਮੇਟੀ ਦੀਆਂ ਰਿਪੋਰਟਾਂ ਕਦੋਂ ਆਉਣਗੀਆਂ? ਇਸ ਬਾਰੇ ਕੋਈ ਨਹੀਂ ਜਾਣਦਾ।

ਨਵਾਂ ਕਾਨੂੰਨ ਪਾਸ ਕਰਨ ਪਿੱਛੇ ਆਖਰ ਸਰਕਾਰ ਦਾ ਕੀ ਮਕਸਦ ਸੀ? ਕੀ ਸਿਰਫ਼ ਨੌਜਵਾਨਾਂ ਵਿੱਚ ਵਧ ਰਹੇ ਰੋਸ ਨੂੰ ਠੰਢਾ ਕਰਨਾ ਸੀ, ਜਾਂ ਇਹ ਦਿਖਾਉਣਾ ਸੀ ਕਿ ਸਰਕਾਰ ਉਹਨਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਹੈ?

ਦਿਲਚਸਪ ਗੱਲ ਇਹ ਹੈ ਕਿ ਦੇਸ਼ ਦੇ ਕਈ ਰਾਜਾਂ ਵਿੱਚ ਪੇਪਰ ਲੀਕ ਮਾਮਲਿਆਂ ਲਈ ਪਹਿਲਾਂ ਹੀ ਬਹੁਤ ਸਖ਼ਤ ਸਜ਼ਾਵਾਂ ਦਾ ਉਪਬੰਧ ਹੈ। ਉੱਤਰ ਪ੍ਰਦੇਸ਼ ਵਿੱਚ 2024 ਦੇ ਕਾਨੂੰਨ ਅਨੁਸਾਰ ਅਪਰਾਧ ਕਰਨ ਵਾਲੇ ਨੂੰ 1 ਕਰੋੜ ਰੁਪਏ ਜੁਰਮਾਨਾ, ਉਮਰ ਕੈਦ ਦੀ ਸਜ਼ਾ ਅਤੇ ਬਿਨਾਂ ਜ਼ਮਾਨਤ ਦਾ ਪ੍ਰਬੰਧ ਹੈ। ਰਾਜਸਥਾਨ ਵਿੱਚ 2023 ਦੀ ਸੋਧ ਅਨੁਸਾਰ 10 ਸਾਲ ਤੋਂ ਲੈ ਕੇ ਉਮਰ ਕੈਦ ਅਤੇ 10 ਲੱਖ ਤੋਂ 10 ਕਰੋੜ ਰੁਪਏ ਤੱਕ ਦਾ ਜੁਰਮਾਨਾ ਹੈ। ਉੜੀਸਾ, ਗੁਜਰਾਤ, ਝਾਰਖੰਡ, ਛੱਤੀਸਗੜ੍ਹ ਅਤੇ ਉੱਤਰਾਖੰਡ ਵਿੱਚ ਵੀ ਅਜਿਹੇ ਹੀ ਸਖ਼ਤ ਕਾਨੂੰਨ ਹਨ। ਇਹਨਾਂ ਸਾਰੇ ਸਖ਼ਤ ਕਾਨੂੰਨਾਂ ਦੇ ਬਾਵਜੂਦ ਉੱਤਰ ਪ੍ਰਦੇਸ਼ ਸਮੇਤ ਕਈ ਰਾਜਾਂ ਵਿੱਚ ਪਰਚੇ ਲੀਕ ਹੁੰਦੇ ਰਹੇ। ਜਦੋਂ 2026 ਵਿੱਚ ਪਰਚਾ ਲੀਕ ਹੋਇਆ ਤਾਂ ਲਗਭਗ 2.27 ਕਰੋੜ ਵਿਦਿਆਰਥੀ ਪ੍ਰਭਾਵਿਤ ਹੋਏ ਅਤੇ ਪ੍ਰੀਖਿਆਵਾਂ ਰੱਦ ਕਰਨੀਆਂ ਪਈਆਂ। ਸੰਸਦ ਵਿੱਚ ਸੋਧ ਕਰਕੇ ਸਜ਼ਾਵਾਂ ਵਧਾਈਆਂ ਗਈਆਂ, ਫਾਸਟ-ਟ੍ਰੈਕ ਅਦਾਲਤਾਂ ਅਤੇ ਐਸ.ਟੀ.ਐਫ. ਦੀ ਜਾਂਚ ਦਾ ਅਧਿਕਾਰ ਦਿੱਤਾ ਗਿਆ। ਪਰ ਇੱਕ ਰਿਪੋਰਟ ਅਨੁਸਾਰ, 30 ਅਪ੍ਰੈਲ 2026 ਤੱਕ ਦੇਸ਼ ਵਿੱਚ 775 ਫਾਸਟ-ਟ੍ਰੈਕ ਅਦਾਲਤਾਂ ਹਨ, ਜਿਨ੍ਹਾਂ ਵਿੱਚ 2,45,000 ਮਾਮਲੇ ਲੰਬਿਤ ਪਏ ਹਨ। ਸਾਲ 2024 ਵਿੱਚ ਇਹਨਾਂ ਅਦਾਲਤਾਂ ਨੇ 85,595 ਮਾਮਲੇ ਨਿਪਟਾਏ, ਜੋ 2025 ਵਿੱਚ ਘੱਟ ਕੇ 66,500 ਰਹਿ ਗਏ। ਜੇਕਰ ਫਾਸਟ-ਟ੍ਰੈਕ ਅਦਾਲਤਾਂ ਦੀ ਰਫ਼ਤਾਰ ਹੀ ਇਹ ਰਹੇਗੀ, ਤਾਂ ਤੁਰੰਤ ਇਨਸਾਫ਼ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ?

ਇਸ ਪੂਰੀ ਖੇਡ ਵਿੱਚ ਸਭ ਤੋਂ ਖ਼ਤਰਨਾਕ ਅਤੇ ਸ਼ਰਮਨਾਕ ਭੂਮਿਕਾ ਦੇਸ਼ ਵਿੱਚ ਫੈਲੇ ‘ਕੋਚਿੰਗ ਮਾਫ਼ੀਆ’ ਦੀ ਹੈ। ਅਖਬਾਰਾਂ ਦੇ ਪੂਰੇ-ਪੂਰੇ ਸਫ਼ਿਆਂ ’ਤੇ ਛਪਣ ਵਾਲੇ ਕਰੋੜਾਂ ਰੁਪਏ ਦੇ ਦਿਲ ਖਿੱਚਵੇਂ ਇਸ਼ਤਿਹਾਰ ਇਸ ਗੱਲ ਦਾ ਪ੍ਰਤੱਖ ਸਬੂਤ ਹਨ ਕਿ ਇਹ ਕੋਚਿੰਗ ਸੈਂਟਰ ਹੁਣ ਵਿੱਦਿਆ ਦੇ ਮੰਦਰ ਨਹੀਂ, ਸਗੋਂ ਵਪਾਰਕ ਅੱਡੇ ਬਣ ਚੁੱਕੇ ਹਨ। ਲੱਖਾਂ ਰੁਪਏ ਦੀਆਂ ਮੋਟੀਆਂ ਫੀਸਾਂ ਬਟੋਰ ਕੇ ਇਹ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਦਾ ਖੁੱਲ੍ਹੇਆਮ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਕਰਦੇ ਹਨ। ਜੋ ਵਿਦਿਆਰਥੀ ਭਾਰੀ ਫੀਸਾਂ ਭਰਨ ਤੋਂ ਅਸਮਰੱਥ ਹੁੰਦੇ ਹਨ, ਉਹਨਾਂ ਨੂੰ ਜਿਸ ਮਾਨਸਿਕ ਤਸ਼ੱਦਦ, ਹੀਣ ਭਾਵਨਾ ਅਤੇ ਤਣਾਅ ਵਿੱਚੋਂ ਲੰਘਣਾ ਪੈਂਦਾ ਹੈ, ਉਸ ਦਾ ਅੰਦਾਜ਼ਾ ਲਗਾਉਣਾ ਵੀ ਔਖਾ ਹੈ। ਇਹੋ ਕੋਚਿੰਗ ਸੰਸਥਾਵਾਂ ਅਤੇ ਉਹਨਾਂ ਦੇ ਦਲਾਲ ਕਰੋੜਾਂ ਰੁਪਏ ਦੇ ਕਾਲੇ ਧਨ ਦੇ ਦਮ ’ਤੇ ਪ੍ਰੀਖਿਆ ਪ੍ਰਣਾਲੀ ਵਿੱਚ ਅੰਦਰ ਤੱਕ ਘੁਸਪੈਠ ਕਰਦੇ ਹਨ। ਅਖੌਤੀ ਸਫ਼ਲਤਾ ਦੇ ਦਾਅਵੇ ਵੇਚਣ ਲਈ ਇਹ ਮਾਫ਼ੀਆ ਆਪ ਹੀ ਕਰੋੜਾਂ ਰੁਪਏ ਲਗਾ ਕੇ ਪੇਪਰ ਲੀਕ ਕਰਵਾਉਣ ਵਿੱਚ ਸਹਾਈ ਹੁੰਦਾ ਹੈ। ਇਹ ਸਿਰਫ਼ ਇੱਕ ਪ੍ਰੀਖਿਆ ਦੀ ਗੜਬੜੀ ਨਹੀਂ, ਸਗੋਂ ਪੂਰੇ ਦੇਸ਼ ਵਿੱਚ ਫੈਲਿਆ ਇੱਕ ਅਜਿਹਾ ਸੰਗਠਿਤ ਅਪਰਾਧਿਕ ਜਾਲ ਹੈ ਜਿਸ ਦਾ ਮੁੱਖ ਮਕਸਦ ਵਿਦਿਆਰਥੀਆਂ ਦੇ ਹੱਕਾਂ ’ਤੇ ਡਾਕਾ ਮਾਰਨਾ ਅਤੇ ਲਾਚਾਰੀ ਦਾ ਫਾਇਦਾ ਚੁੱਕਣਾ ਹੈ।

ਜਾਂਚ ਰਿਪੋਰਟਾਂ ਦੱਸਦੀਆਂ ਹਨ ਕਿ ਪੇਪਰ ਲੀਕ ਦੇ ਨੈੱਟਵਰਕ ਵਿੱਚ ਪ੍ਰੀਖਿਆ ਕੇਂਦਰ, ਛਪਾਈ ਪ੍ਰੈੱਸ, ਵਿਚੋਲੇ ਅਤੇ ਇਹ ਕੋਚਿੰਗ ਗਿਰੋਹ ਆਪਸ ਵਿੱਚ ਮਿਲੇ ਹੁੰਦੇ ਹਨ। ਨੀਟ 2024 (ਪਟਨਾ), ਯੂ.ਜੀ.ਸੀ. ਨੈੱਟ ਅਤੇ ਨੀਟ 2026 (ਸੀਕਰ ਗਿਰੋਹ) ਦੇ ਮਾਮਲਿਆਂ ਵਿੱਚ ਗ੍ਰਿਫ਼ਤਾਰੀਆਂ ਤਾਂ ਹੋਈਆਂ, ਪਰ ਅੰਤ ਵਿੱਚ ਮਾਮਲਾ ਠੰਢਾ ਪੈ ਜਾਂਦਾ ਹੈ।

ਸਾਲ 2022 ਤੋਂ 2025 ਤੱਕ 43 ਮਾਮਲਿਆਂ ਵਿੱਚੋਂ ਸਿਰਫ਼ 2 ਵਿੱਚ ਹੀ ਸਜ਼ਾ ਹੋ ਸਕੀ। ਬਾਕੀ ਮਾਮਲਿਆਂ ਵਿੱਚ ਦੋਸ਼ੀ ਕੌਣ ਸਨ, ਕੋਈ ਨਹੀਂ ਜਾਣਦਾ। ਸਰਕਾਰ ਦੀ ਸਭ ਤੋਂ ਵੱਡੀ ਨਾਕਾਮੀ ਇਹ ਹੈ ਕਿ ਉਹ ਅਫ਼ਸਰਸ਼ਾਂਹੀ ਦੀ ਅਣਗਹਿਲੀ, ਰਾਜਨੀਤਿਕ ਸਰਪ੍ਰਸਤੀ ਅਤੇ ਇਸ ਕੋਚਿੰਗ ਮਾਫ਼ੀਆ ’ਤੇ ਚੁੱਪ ਧਾਰੀ ਬੈਠੀ ਹੈ।

ਸਾਲ 2024 ਵਿੱਚ ਚਰਚਾ ਵਿੱਚ ਆਈ ਨੈਸ਼ਨਲ ਟੈਸਟਿੰਗ ਏਜੰਸੀ ਯਾਨੀ ‘ਐਨ.ਟੀ.ਏ.’ ਵੱਲੋਂ ਹੁਣ ਤੱਕ 5.4 ਕਰੋੜ ਤੋਂ ਵੱਧ ਉਮੀਦਵਾਰਾਂ ਲਈ 240 ਤੋਂ ਵੱਧ ਪ੍ਰੀਖਿਆਵਾਂ ਕਰਵਾਈਆਂ ਗਈਆਂ ਹਨ, ਪਰ ਇਸ ਸੰਸਥਾ ਦੀ ਸਮਰੱਥਾ ਅਤੇ ਕਾਰਜ-ਕੁਸ਼ਲਤਾ ਵਿੱਚ ਕੋਈ ਸੁਧਾਰ ਨਹੀਂ ਹੋਇਆ। ਇਹ ਏਜੰਸੀ ਅਚਾਨਕ ਪ੍ਰੀਖਿਆ ਦੀਆਂ ਤਾਰੀਖਾਂ ਅਤੇ ਸ਼ਡਿਊਲ ਵਿੱਚ ਬਦਲਾਅ ਕਰ ਦਿੰਦੀ ਹੈ, ਜਿਸ ਨਾਲ ਵਿਦਿਆਰਥੀਆਂ ’ਤੇ ਮਾਨਸਿਕ ਬੋਝ ਹੋਰ ਵਧ ਜਾਂਦਾ ਹੈ।

ਪੇਪਰ ਲੀਕ ਦੀ ਸਮੱਸਿਆ ਸਿਰਫ਼ ਭਾਰਤ ਵਿੱਚ ਹੀ ਨਹੀਂ, ਸਗੋਂ ਦੁਨੀਆ ਦੇ ਹੋਰਨਾਂ ਦੇਸ਼ਾਂ ਵਿੱਚ ਵੀ ਰਹੀ ਹੈ, ਪਰ ਉਹਨਾਂ ਨੇ ਇਸ ਦਾ ਠੋਸ ਹੱਲ ਕੱਢਿਆ ਹੈ। ਚੀਨ ਨੇ ਇਸ ਨੂੰ ਰਾਸ਼ਟਰੀ ਸੁਰੱਖਿਆ ਦਾ ਮੁੱਦਾ ਮੰਨਦਿਆਂ ਸਖ਼ਤ ਸੁਰੱਖਿਆ ਪ੍ਰੋਟੋਕੋਲ ਅਤੇ ਆਧੁਨਿਕ ਤਕਨੀਕ ਲਾਗੂ ਕੀਤੀ। ਅਮਰੀਕਾ ਨੇ ਕੰਪਿਊਟਰ-ਆਧਾਰਿਤ ਪ੍ਰੀਖਿਆਵਾਂ ਲਾਗੂ ਕਰਕੇ ਪਰਚਾ ਲੀਕ ਕਰਨ ਵਾਲੇ ਗਿਰੋਹਾਂ ਦਾ ਜਾਲ ਤੋੜਿਆ। ਬਰਤਾਨੀਆ ਨੇ ‘ਕੰਟਰੈਕਟ ਚੀਟਿੰਗ’ (ਪੈਸੇ ਦੇ ਕੇ ਆਨਲਾਈਨ ਟੈਸਟ ਦਿਵਾਉਣਾ) ਨੂੰ ਰੋਕਣ ਲਈ ‘ਸਕਿੱਲਜ਼ ਐਂਡ ਪੋਸਟ-16 ਐਜੂਕੇਸ਼ਨ ਐਕਟ 2022’ ਬਣਾ ਕੇ ਅਜਿਹੀਆਂ ਸੇਵਾਵਾਂ ਨੂੰ ਪੂਰੀ ਤਰ੍ਹਾਂ ਗ਼ੈਰ-ਕਾਨੂੰਨੀ ਕਰਾਰ ਦਿੱਤਾ। ਡਾ. ਰਾਧਾਕ੍ਰਿਸ਼ਨਨ ਸਮਿਤੀ ਨੇ ਸੁਝਾਅ ਦਿੱਤਾ ਸੀ ਕਿ ਪੇਪਰ ਦੀ ਛਪਾਈ ਤੋਂ ਲੈ ਕੇ ਪ੍ਰੀਖਿਆ ਕੇਂਦਰਾਂ ਤੱਕ ਪਹੁੰਚਾਉਣ, ਉਮੀਦਵਾਰਾਂ ਦੀ ਸ਼ਨਾਖਤ ਅਤੇ ਸ਼ਿਕਾਇਤ ਨਿਵਾਰਨ ਲਈ ਸੀ.ਪੀ.ਪੀ.ਟੀ. ਯਾਨੀ ਸੁਰੱਖਿਅਤ ਡਿਜੀਟਲ ਪ੍ਰਣਾਲੀ ਅਪਣਾਈ ਜਾਵੇ। ਪਰ ਇਹਨਾਂ ਸੁਝਾਵਾਂ ’ਤੇ ਅਮਲ ਨਹੀਂ ਕੀਤਾ ਗਿਆ।

ਪੇਪਰ ਲੀਕ ਸਿਰਫ਼ ਪ੍ਰਬੰਧਕੀ ਨਾਕਾਮੀ ਨਹੀਂ, ਸਗੋਂ ਲੱਖਾਂ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਹੈ, ਜੋ ਉਹਨਾਂ ਦੀਆਂ ਸਾਲਾਂ ਦੀ ਮਿਹਨਤ ’ਤੇ ਪਾਣੀ ਫੇਰ ਦਿੰਦਾ ਹੈ। ਸਿਰਫ਼ ਕਾਗਜ਼ੀ ਕਾਨੂੰਨ ਬਣਾ ਕੇ ਸਰਕਾਰ ਆਪਣੀ ਜਵਾਬਦੇਹੀ ਤੋਂ ਭੱਜ ਨਹੀਂ ਸਕਦੀ। ਇਸ ਲਈ ਡਿਜੀਟਲ ਡਿਲੀਵਰੀ, ਰੈਂਡਮ ਪ੍ਰਸ਼ਨ ਪੱਤਰ ਪ੍ਰਣਾਲੀ, ਏ.ਆਈ. ਆਧਾਰਿਤ ਬਾਇਓਮੈਟ੍ਰਿਕ ਪਛਾਣ ਅਤੇ ਸਿਆਸੀ ਇੱਛਾ-ਸ਼ਕਤੀ ਦੀ ਲੋੜ ਹੈ। ਜੇਕਰ ਇਹ ਵੱਡੇ ਸੁਧਾਰ ਨਾ ਕੀਤੇ ਗਏ, ਤਾਂ ਮੋਬਾਈਲ ਫੋਨ, ਐਕਸ (ਟਵਿੱਟਰ), ਫੇਸਬੁੱਕ ਅਤੇ ਇੰਸਟਾਗ੍ਰਾਮ ਦੇ ਜ਼ਰੀਏ ਨਾਗਰਿਕਾਂ ਦੀ ਇਹ ਚੁੱਪੀ ਜ਼ਰੂਰ ਟੁੱਟੇਗੀ। ਜਿਸ ਤਰ੍ਹਾਂ ਨੌਜਵਾਨਾਂ ਨੇ ਹਰ ਕਿਸਮ ਦਾ ਡਰ ਭੁਲਾ ਕੇ-ਚਾਹੇ ਉਹ ਪੁਲਿਸ ਦੀ ਨੀਲੀ ਵਰਦੀ ਹੋਵੇ, ਲਾਠੀ, ਅੱਥਰੂ ਗੈਸ, ਬੰਦੂਕ ਜਾਂ ਗ੍ਰਿਫ਼ਤਾਰੀਆਂ ਦਾ ਖੌਫ਼-ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ ਹੈ, ਉਹੀ ਰੂਪ ਫਿਰ ਦੇਖਣ ਨੂੰ ਮਿਲੇਗਾ। ਕਾਨੂੰਨ ਦੇ ਨਾਂ ’ਤੇ ਥੋਪੀ ਗਈ ਨੈਤਿਕਤਾ ਅਤੇ ਵਿਤਕਰੇ ਖ਼ਿਲਾਫ਼ ਲੜਨ ਲਈ ਨੌਜਵਾਨ ਆਪ-ਮੁਹਾਰੇ ਸੜਕਾਂ ’ਤੇ ਉੱਤਰ ਆਉਣਗੇ।

ਪੰਜਾਬੀ ਅਖ਼ਬਾਰ ਆਪ
ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ
ਦੀ ਆਦਤ ਪਾਓ



ਮੁੱਖ ਸੰਪਾਦਕ ਹਰਬੰਸ ਬੁੱਟਰ
403 640 2000
punjabiakhbaar@gmail.com

This disclaimer informs the readers of ‘the Punjabi Akhbaar’ that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not ‘the Punjabi Akhbaar’. The Editor reserves the right to edit or not the articles, reports and/or news published herein.

-Editor

ਨੋਟ: “ਪੰਜਾਬੀ ਅਖ਼ਬਾਰ” ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। “ਪੰਜਾਬੀ ਅਖ਼ਬਾਰ” ਵਿੱਚ ਛਪਦੇ ਇਸ਼ਤਿਹਾਰਾਂ ਸਬੰਧੀ , ਸਬੰਧਤ ਚੀਜ਼ਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। ‘ਪੰਜਾਬੀ ਅਖ਼ਬਾਰ’ ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮਿਲਣੀ ਮੌਕੇ "ਤੇਰੀ ਮੇਰੀ ਇੱਕ ਜਿੰਦੜੀ" ਇੱਕ ਸੁਰ ਹੋਈ





ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ 27 ਜੁਲਾਈ ਨੂੰ ਐਡਵਰਦੀ ਪਾਰਕ ਵਿਖੇ ਪਿਕਨਿਕ ਮਨਾਈ। ਸ਼ੁਰੂਆਤ ਪੁਰਾਣੇ ਰਿਕਾਰਡ ਹੋਏ ਗੀਤ ਅਤੇ ਭਜਨ ਸੁਣਾ ਕੇ ਹੋਈ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਇਸ ਗ੍ਰਹਿ ਉਪਰ ਹੋਈ ਜੀਵ-ਉਤਪਤੀ ਅਤੇ ਵਿਕਾਸ ਬਾਰੇ ਡਾਰਵਨ ਦੀ ਇਵੋਲੂਸ਼ਨ ਥਿਊਰੀ ਦੀ ਰੌਸ਼ਨੀ ਵਿਚ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਕਿ ਕਿਵੇਂ ਜਲ ਅਤੇ ਥਲ ਉਪਰ ਪਹਿਲੇ ਜੀਵਾਂ ਦੀ ਉਤਪਤੀ ਹੋਈ, ਕਿਵੇਂ ਉਹ ਵਿਕਾਸ ਦੀ ਪ੍ਰਕਿਰਿਆ ਵਿੱਚੋਂ ਲੰਘ ਕੇ ਮੌਜੂਦਾ ਸਥਿਤੀ ਵਿਚ ਪਹੁੰਚੇ, ਕਿਵੇਂ ਜੀਵ-ਜੰਤੂਆਂ ਅਤੇ ਮਨੁੱਖ ਦਾ ਵਿਕਾਸ ਹੋਇਆ। ਉਨ੍ਹਾਂ ਨੇ ਇਸ ਪ੍ਰਕਿਰਿਆ ਵਿਚ ਸਹਾਇਕ ਜੀਵ-ਜੰਤੂਆਂ ਦੇ ਰੋਲ ਬਾਰੇ ਦਸਦਿਆਂ ਦੁੱਖ ਜ਼ਾਹਿਰ ਕੀਤਾ ਕਿ ਮਨੁੱਖ ਛੇੜ-ਛਾੜ ਕਰ ਕੇ ਕੁਦਰਤ ਅਤੇ ਵਿਕਾਸ ਨੂੰ ਢਾਹ ਲਾ ਰਿਹਾ ਹੈ। ਉਨ੍ਹਾਂ ਨੇ ਸਲਾਹ ਦਿੱਤੀ ਕਿ ਵਿਗਿਆਨਕ ਨਜ਼ਰੀਆ ਅਪਣਾਈਏ, ਜਗਿਆਸੂ ਬਣੀਏ ਅਤੇ ਜ਼ਿੰਦਾਦਿਲ ਹੋ ਕੇ ਵਧੀਆ ਜੀਵਨ ਬਤੀਤ ਕਰੀਏ। ਜੁਲਾਈ ਮਹੀਨੇ ਪੈਂਦੇ ਜਨਮਦਿਨ ਵਾਲ਼ੇ ਮੈਂਬਰਾਂ ਨੂੰ ਤੋਹਫ਼ੇ ਦੇ ਕੇ ਮੁਬਾਰਕਾਂ ਪਰੋਸੀਆਂ ਗਈਆਂ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਕਾਰਵਾਈ ਚਲਾਉਂਦਿਆਂ ਇੱਕ ਕਵਿਤਾ ਵੀ ਸੁਣਾਈ। ਵਿਜੈ ਸਚਦੇਵਾ ਨੇ - ਦੀਵਾਨਾ ਹੂਆ ਬਾਦਲ, ਸੁਖਮੰਦਰ ਗਿੱਲ ਨੇ - ਬੇਸ਼ੱਕ ਬੁੱਢੀ ਹੋ ਗਈ ਭੂਆ ਹਰ ਸਾਲ ਪਿੰਡ ਆਉਂਦੀ ਐ ਅਤੇ ਹਰਮਿੰਦਰਪਾਲ ਸਿੰਘ ਨੇ - ਚੰਨਾਂ ਕਿੱਥਾਂ ਗੁਜ਼ਾਰੀ ਆ ਈ ਰਾਤ ਵੇ, ਗੀਤਾਂ ਦੀ ਪੇਸ਼ਕਾਰੀ ਰਾਹੀਂ ਫ਼ਿਜ਼ਾ ਨੂੰ ਸੰਗੀਤਮਈ ਬਣਾ ਦਿੱਤਾ। ਸ਼ਮਿੰਦਰ ਸਿੰਘ ਅਤੇ ਸੁਰਜੀਤ ਕੌਰ ਕੰਮੋਹ ਦੀ ਦੰਪਤੀ ਜੋੜੀ ਨੇ ਦੋਗਾਣਾ ਗਾਕੇ ਸਬੂਤ ਦਿੱਤਾ ਕਿ - ਉਂਝ ਵੇਖਣ ਨੂੰ ਅਸੀਂ ਦੋ, ਕਿ ਤੇਰੀ ਮੇਰੀ ਇੱਕ ਜਿੰਦੜੀ। ਹਰਿੰਦਰ ਕੌਰ ਮੁੰਡੀ ਅਤੇ ਚਰਨਦੀਪ ਕੌਰ ਨੇ ਕਵਿਤਾਵਾਂ ਸੁਣਾਈਆਂ। ਤਰਲੋਕ ਚੁੱਘ ਨੇ ਗ਼ਜ਼ਲ ਪੇਸ਼ ਕਰ ਕੇ ਚੁਟਕਲੇ ਸੁਣਾਏ। ਦਰਸ਼ਨ ਧਾਲ਼ੀਵਾਲ਼ ਨੇ ਚਾਲੂ ਮੁੱਦਿਆਂ ਅਤੇ ਕਰਮ ਸਿੰਘ ਮੁੰਡੀ ਨੇ ਭਾਰਤ ਦੀਆਂ ਇਤਿਹਾਸਕ ਹਸਤੀਆਂ ਬਾਰੇ ਵਿਚਾਰ ਰੱਖੇ। ਔਰਤਾਂ ਨੇ ਲੋਕ-ਗੀਤਾਂ ਉਪਰ ਗਿੱਧਾ ਪਾ ਕੇ ਇਸ ਰਮਣੀਕ ਥਾਂ ਨੂੰ ਤੀਆਂ ਦੇ ਪਿੜ ਵਿੱਚ ਬਦਲ ਦਿੱਤਾ। ਪ੍ਰਬੰਧਕੀ ਅਮਲੇ ਦੇ ਸੁਖਦੇਵ ਬੈਂਸ, ਜੰਗਪਾਲ ਖੋਸਾ, ਬੀਰਿੰਦਰਜੀਤ ਮਦਾਨ, ਵਿਜੈ ਸਚਦੇਵਾ, ਪਰਮਜੀਤ ਕੌਰ ਖੋਸਾ ਅਤੇ ਅਮਰਜੀਤ ਕੌਰ ਪਲਾਹਾ ਦੀ ਟੀਮ ਨੇ ਆਪੋ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਕੇ ਇਸ ਪਿਕਨਿਕ ਨੂੰ ਯਾਦਗਾਰੀ ਬਨਾਉਣ ਵਿੱਚ ਬਣਦਾ ਹਿੱਸਾ ਪਾਇਆ। ਸੁਰਿੰਦਰਜੀਤ ਪਲਾਹਾ ਨੇ ਸਭ ਦਾ ਧੰਨਵਾਦ ਕੀਤਾ ਅਤੇ ਸਾਰਿਆਂ ਦੇ ਜੀਵਨ ਵਿੱਚ ਖ਼ੁਸ਼ੀਆਂ ਦੀ ਕਾਮਨਾ ਕੀਤੀ। ਅਖੀਰ ਵਿੱਚ ਬੋਅ ਦਰਿਆ ਦੇ ਕਿਨਾਰੇ ਦਰਖਤਾਂ ਦੀ ਸੰਘਣੀ ਛਾਂ ਵਾਲ਼ੇ ਇਸ ਪਾਰਕ ਵਿੱਚ ਵਰਤਾਏ ਲਜ਼ੀਜ਼ ਭੋਜਨ ਦਾ ਸਵਾਦ ਵੱਖਰਾ ਆਨੰਦ ਦੇ ਗਿਆ।







# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਜੱਟ ਸਿੱਖ ਕੰਗ ਪਰਿਵਾਰ ਦੇ ਰੋਪੜ ਜਿਲ੍ਹੇ ਨਾਲ ਸਬੰਧਿਤ,7 ਏਕੜ ਜਮੀਨ ਦੇ ਮਾਲਕ,ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਨਸ਼ਾ ਰਹਿਤ ਲੜਕੇ, ਜਨਮ 1995, ਕੱਦ 5 ਫੁੱਟ 11 ਇੰਚ, ਪੜਾਈ ਲਿਖਾਈ: ਬੀ ਟੈੱਕ ਈ ਸੀ ਈ,ਪਰੌਜੈਕਟ ਮੈਨੇਜਮੈਂਟ ਐਂਡ ਸਪਲਾਈ ਚੇਨ ਮੈਨੇਜਮੈਂਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਨੇਡਾ ਪੱਕੇ ਤੌਰ ਤੇ ਸੈਟਲ ਹੈ। ਮਾਤਾ ਪਿਤਾ ਕੋਲ ਵਿਜਟਿਰ ਵੀਜਾ ਹੈ। ਸੰਪਰਕ: 403 472 1361 **301*3**

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਜਨਮ 1999,ਕੱਦ 5 ਫੁੱਟ 9 ਇੰਚ,ਆਈ ਟੀ ਵੈਲਡਰ,ਆਈ ਟੀ ਪਲੰਬਰ,ਸਿਵਲ ਇੰਜੀਨੀਅਰ ਡਿਪਲੋਮਾ ਹੋਲਡਰ,ਹੁਣ ਡਰਾਇਵਾਲ ਦਾ ਕੰਮ ਕਰਦੇ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲਇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1403 477 5707 ਜਾਂ 1778 522 3061 ***301***3

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜੀਆ (ਮੁੰਡੇ) ਪਰਿਵਾਰ ਦੀ ਕੈਲਗਰੀ ਰਹਿੰਦੀ ਲੜਕੀ ਜਨਮ 1996, ਕੱਦ 5 ਫੁੱਟ 3 ਇੰਚ, ਪੜਾਈ ਲਿਖਾਈ: Bachelor of Commerce Honor's in Accounting and Finance. Currently Pursuing accounting designation (CPA),ਸੀਨੀਅਰ ਅਕਾਊਟੈਂਟ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਇੱਕ ਭਰਾ ਹੈ ਜੋ ਵਿਆਹਿਆ ਹੋਇਆ ਹੈ। ਸੰਪਰਕ: 1 (403) 880-4806 ***301***3

## ਲੜਕੀਆਂ ਦੀ ਲੋੜ

ਪੰਜਾਬ ਦੇ ਜੰਮਪਲ,ਜੱਟ ਸਿੱਖ ਬੰਦੇਸਾ ਪਰਿਵਾਰ ਦੇ ਲੜਕੇ ਜਨਮ 1996, ਪੜਾਈ ਲਿਖਾਈ: ਬੀ ਟੈੱਕ, ਕੈਨੇਡਾ ਵਿੱਚ ਵਰਕ ਪਰਮਿਟ ਉੱਪਰ ਪਰੋਜੈਕਟ ਮੈਨੇਜ ਮੈਂਟ ਦੀ ਜੌਬ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਇਸੇ ਹੀ ਪਰਿਵਾਰ ਦੇ ਪੰਜਾਬ ਰਹਿੰਦੇ ਦੂਜੇ ਲੜਕੇ, ਜਨਮ 1994 ਪੜਾਈ ਲਿਖਾਈ ਐਮ ਏ ਇੰਗਲਿਸ਼, ਸਹਾਇਕ ਰਜਿਸਟਰਾਰ ਦੀ ਸਰਕਾਰੀ ਨੌਕਰੀ ਕਰਦੇ ਲਈ ਵੀ ਹਾਣ ਪ੍ਰਵਾਣ ਦੀ ਯੋਗ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 680 0132 ਜਾਂ ਇੰਡੀਆ ਵਟਸਐਪ: 91 94638 54302 ***301***3

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਰਾਮਗੜ੍ਹੀਆ ਪਰਿਵਾਰ ਦੇ ਲੜਕੇ ਜਨਮ 1991,ਕੱਦ 6 ਫੁੱਟ,ਆਟੋਮੋਬਾਈਲ ਡਿਪਲੋਮਾ ਹੋਲਡਰ ਹੁਣ ਕਾਰ ਮਕੈਨਿਕ ਦੀ ਜੌਬ ਕਰਦੇ ਲਈ ਕੈਨੇਡੀਅਨ ਪੀ ਆਰ,ਸਿਟੀਜ਼ਨ ,ਓਪਨ ਵਰਕਪਰਮਿਟ ਜਾਂ ਸਟੱਡੀ ਵੀਜ਼ਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1587 581 1371 ***301***3

## ਲੜਕੀ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਏ ਮੋਗਾ ਏਰੀਆ ਨਾਲ ਸਬੰਧਿਤ, ਜੱਟ ਸਿੱਖ ਸੰਧੂ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਜਨਮ 1995,ਕੱਦ 5 ਫੁੱਟ 10 ਇੰਚ,ਪੜਾਈ: +2, ਪਿੰਡ ਵਿੱਚ 4 ਕਿੱਲੇ ਜਮੀਨ ਅਤੇ ਵੱਡ ਅਕਾਰੀ ਕੋਠੀ ਦੇ ਮਾਲਕ ਲਈ ਕਨੇਡੀਅਨ ਸਿਟੀਜਨ, ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦੇ ਭੈਣ ਭਰਾ ਕੈਨੇਡਾ ਸੈਟਲ ਹਨ। ਮਾਤਾ ਪਿਤਾ ਕੋਲ ਕੈਨੇਡਾ ਦਾ ਵੀਜ਼ਾ ਹੈ। ਮੈਰਿਜ ਬਿਊਰੋ ਸੰਪਰਕ ਨਾ ਕਰਨ। ਕਾਲ: 403 690 7532 ***301***3

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਰਵੀਦਾਸੀਆ ਪਰਿਵਾਰ ਦੀ ਇੰਡੀਆ ਜੰਮੀ,ਕਨੇਡਾ ਵਿਚ ਪੜ੍ਹ-ਲਿਖ ਕੇ ਵੱਡੀ ਹੋਈ ਲੜਕੀ ਜਨਮ 1996, ਕੱਦ 5 ਫੁੱਟ 6 ਇੰਚ, ਬੀਐਸ ਸੀ ਨਰਸਿੰਗ ਐਂਡ ਬੀ ਐਸ ਸੀ ਸਾਇੰਸ, ਅਲਬਰਟਾ ਹੈਲਥ ਕੇਅਰ ਨਾਲ ਆਰ ਐਨ ਦੀ ਜੌਬ ਕਰਦੀ ਲਈ, ਕਨੇਡੀਅਨ ਸਿਟੀਜਨ ਪਰਿਵਾਰ ਦੇ ਵੈਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 897 6958 ਜਾਂ ਈ ਮੇਲ: harpal_bgr@yahoo.ca ***300***3

## ਲੜਕੇ ਦੀ ਲੋੜ

ਜੱਟ ਸਿੱਖ ਪਰਿਵਾਰ ਦੀ ਕੈਲਗਰੀ ਚਾਈਲਡ ਕੇਅਰ ਵਰਕ ਪਰਮਿਟ ਉੱਪਰ ਰਹਿੰਦੀ ਲੜਕੀ ਜਨਮ 1988, ਕੱਦ 5 ਫੁੱਟ 6 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈਸ਼ਨੂੰ ਸਰਦਾਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਏਰੀਆ ਨੂੰ ਪਹਿਲ, ਲੜਕੀ ਦਾ ਸਾਰਾ ਪਰਿਵਾਰ ਕੈਨੇਡਾ ਸੈੱਟਲਡ ਹੈ। ਤਲਾਕ ਸੁਦਾ ਜਾਂ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ਼: 403 617 2302 ***300***3

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਅਰੋੜਾ(ਚੁੱਘ) ਪਰਿਵਾਰ ਦੇ ਕੈਲਗਰੀ ਰਹਿੰਦੇ,ਆਪਣਾ ਕਾਰੋਬਾਰ ਕਰਦੇ ਲੜਕੇ, ਉਮਰ 33 ਸਾਲ, ਕੱਦ 5 ਫੁੱਟ 11 ਇੰਚ, ਐਮ ਬੀ ਏ ਡਿਗਰੀ ਹੋਲਡਰ, ਲਈ ਕਨੇਡੀਅਨ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 91 98149 50867 (ਵਟਸਐਪ) ***300***3

## ਲੜਕੀ ਦੀ ਲੋੜ

ਯੂ ਐਸ ਏ ਗਰੀਨ ਕਾਰਡ,ਵੈੱਲ ਸੈਟਲਡ, ਹੋਲਡਰ, ਲੁਬਾਣਾ (ਘੋਤੜਾ) ਪਰਿਵਾਰ ਦੇ ਲੜਕੇ ਜਨਮ 1996,ਕੱਦ 5 ਫੁੱਟ 8 ਇੰਚ, ਗਰੇਡ 12 ਪਾਸ ਲੜਕੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਕੈਲਗਰੀ ਵਿੱਚ ਆਪਣਾ ਬਿਜਨਿਸ ਅਤੇ ਘਰ ਹੈ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਵੈਲ ਸੈਟਲਡ ਹੈ। ਸੰਪਰਕ: 403 585 8878 ਜਾਂ ਈ ਮੇਲ: sukhjit90580@gmail.com ***300***3

## ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਸੰਘਾ ਪਰਿਵਾਰ ਦੀ ਲੜਕੀ, ਉਮਰ 29 ਸਾਲ, ਕੱਦ 5 ਫੁੱਟ 5 ਇੰਚ, ਕਰਿਮੀਨਲ ਜਸਟਿਸ ਦੀ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਲੋੜ ਹੈ। ਸੰਪਰਕ: 1587 707 3029 ***300***3

## ਲੜਕੇ ਦੀ ਲੋੜ

ਕੈਨੇਡੀਅਨ ਜੰਮਪਲ ਦੋਵੇਂ ਸੱਭਿਆਚਾਰਾਂ ਤੋਂ ਜਾਣੂ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਫਾਰਮੇਸੀ ਅਸਿਸਟੈਂਟ ਲੜਕੀ,ਉਮਰ 26 ਸਾਲ,ਕੱਦ 5 ਫੁੱਟ 5 ਇੰਚ ਲਈ ਕੈਨੇਡੀਅਨ ਜੰਮਪਲ ਜਾਂ ਛੋਟੇ ਹੁੰਦੇ ਕੈਨੇਡਾ ਆਏ ਗੁਰਸਿੱਖ ਪਰਿਵਾਰ ਦੇ ਵੈਸ਼ਨੂੰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਪਿਛਲੇ 30 ਸਾਲ ਤੋਂ ਕੈਨੇਡਾ ਸੈਟਲ ਹੈ। ਮੈਰਿਜ ਬਿਊਰੋ ਜਾਂ ਇੰਡੀਆ ਰਹਿੰਦੇ ਲੜਕੇ ਵਾਲੇ ਸੰਪਰਕ ਨਾ ਕਰਨ। ਸੰਪਰਕ:1 403 472 0468 **299*3**

## ਲੜਕੇ ਦੀ ਲੋੜ

Jatt Sikh parents seeking a suitable match for their daughter, a Canadian citizen, born 1988, 5 '33 , registered physiotherapist, based in Calgary. A boy should be well educated in good moral values, either doing a decent job or running a business. Calgary or Edmonton preferred. Contact number + 91 96466 - 18381, + 91 98724 98252 ***299***3***

## ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ,ਨਸ਼ਿਆਂ ਤੋਂ ਰਹਿਤ, ਆਪਣਾ ਕਾਰੋਬਾਰ ਕਰਦੇ, ਸੰਘਾ ਪਰਿਵਾਰ ਚੋਂ ਘਰਵਾਲੀ ਤੋਂ ਅਲੱਗ ਰਹਿੰਦੇ,ਉਮਰ 58 ਸਾਲ, ਕੱਦ 5 ਫੁੱਟ 8 ਇੰਚ, ਲਈ ਜੀਵਨ ਸਾਥਣ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਤਲਾਕ ਸੁਦਾ ਜਾਂ ਵਿਧਵਾ ਹੋਈ ਜੀਵਨ ਸਾਥਣ ਦੀ ਉਮਰ 50 ਸਾਲ ਤੋਂ ਘੱਟ ਨਾ ਹੋਵੇ। ਕੈਨੇਡਾ ਜਾਂ ਇੰਡੀਆ ਤੋਂ ਬੱਚੇ ਸਮੇਤ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 718 7234 ***299***3***

## ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਬਦੇਸਾ ਪਰਿਵਾਰ ਦੇ ਘਰਵਾਲੀ ਤੋਂ ਅਲੱਗ ਰਹਿ ਰਹੇ,ਉਮਰ 49 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਬੀ ਸੀ ਵਿੱਚ ਆਪਣਾ ਘਰ ਬਣਾਉਣ ਦਾ ਕਾਰੋਬਾਰ ਕਰਦੇ ਲਈ ਜੀਵਨ ਸਾਥਣ ਦੀ ਲੋੜ ਹੈ। ਸੰਪਰਕ: SSSWHITESOUTH80 @GMAIL.COM ***298***3

## ਲੜਕੇ ਦੀ ਲੋੜ

ਕੈਨੇਡੀਅਨ ਸਿਟੀਜਨ, ਰਾਮਗੜੀਆ ਗੁਰਸਿੱਖ ਲੜਕੀ ਜਨਮ 1996, ਕੱਦ 5 ਫੁੱਟ 4 ਇੰਚ, ਕੈਲਗਰੀ ਰਹਿੰਦੀ ਲਈ ਚੰਗੇ ਪੜੇ ਲਿਖੇ ਕੈਲਗਰੀ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: +91 98142 12395 ***298***3

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ,ਜਨਮ 1991,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਬੀ ਏ,ਬੀਐੱਡ, ਕੈਨੇਡਾ ਵਿੱਚ ਵਰਕ ਪਰਮਿਟ ਉੱਪਰ ਕੰਮ ਕਰਦੀ,ਲਈ ਬਰਾਬਰ ਦੀ ਯੋਗਤਾ ਵਾਲੇ ਹਾਣ ਪ੍ਰਵਾਣ ਦੇ ਨਸ਼ਾ ਰਹਿਤ,ਵੈਸ਼ਨੂੰ,ਕਨੇਡੀਅਨ ਪੀ ਆਰ,ਸਿਟੀਜਨ, ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸਤੇ ਦੀ ਲੋੜ ਹੈ। ਸੰਪਰਕ: 1 306 501 6474 ਜਾਂ ਵਟਸਐਪ +91 90566 36305 ***298***3

## ਲੜਕੇ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੀ ਡਡਵਾਲ ਪਰਿਵਾਰ ਦੀ ਅੰਮ੍ਰਿਤਧਾਰੀ,ਤਲਾਕਸੁਦਾ (ਕੋਈ ਬੱਚਾ ਨਹੀਂ) ਲੜਕੀ ਜਨਮ 1997, ਸਕਿਨਟੋਨ: ਫੇਅਰ (ਵਾਈਟ), ਕੱਦ 5 ਫੁੱਟ 3 ਇੰਚ, ਬੀਐਸ ਸੀ ਨਰਸਿੰਗ (ਇੰਡੀਆ) ਮੈਡੀਕਲ ਆਫਿਸ ਅਸਿਸਟੈਂਟ ਕੋਰਸ (ਕੈਲਗਰੀ) ਹੈਲਥ ਐਂਡ ਹਿਊਮਨ ਸਰਵਿਸਜ ਮੈਨੇਜਮੈਂਟ ਪੋਸਟ ਡਿਪਲੋਮਾਂ ਸਰਟੀਫਿਕੇਸ਼ਨ (ਕੈਲਗਰੀ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ। ਸੰਪਰਕ: 587 226 4592 ***298***3

## ਲੜਕੀ ਦੀ ਲੋੜ

ਜੱਟ ਸਿੱਖ ਬੈਂਸ ਪਰਿਵਾਰ ਦੇ ਇੰਡੀਆ ਰਹਿੰਦੇ ਤਲਾਕਸੁਦਾ ਮੰਗਲੀਕ ਲੜਕੇ ਜਨਮ 1990,ਕੱਦ 5 ਫੁੱਟ 8 ਇੰਚ, ਇਲੈਕਟਰੋਨਿਕ ਕਮਿਊਨੀਕੇਸ਼ਨ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਕਾਲ ਵਟਸਐਪ: 1 639 382 3055 ***298***3

## ਲੜਕੀ ਦੀ ਲੋੜ

35-year-Old/ 5'10", never married, clean-shaven, Ramgarhia Sikh, Canadian citizen, well-settled businessman in Winnipeg, Canada. Successful entrepreneur in Real Estate & Mortgage Financing. Seeking educated, family-oriented girl from a respectable family. Canada/USA preferred. WhatsApp: -204-510-7658 ***300***3

## ਲੜਕੀ ਦੀ ਲੋੜ

ਆਸਟਰੇਲੀਆ ਸਿਟੀਜਨ, ਸ਼ਰਮਾ ਪਰਿਵਾਰ ਦੇ ਲੜਕੇ, ਉਮਰ 39 ਸਾਲ, ਕੱਦ 5 ਫੁੱਟ 8 ਇੰਚ, ਹੋਟਲ ਮੈਨੇਜਮੈਂਟ ਡਿਗਰੀ ਹੋਲਡਰ ਲਈ ਆਸਟਰੇਲੀਆ ਜਾਂ ਕੈਨੇਡਾ ਦੀ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਿਜਟਿਰ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਪੰਜਾਬ ਤੋਂ ਦੁਆਬਾ ਏਰੀਆ ਨੂੰ ਪਹਿਲ। ਸੰਪਰਕ : 403 890 7020 ***298***3

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ (ਸੌਰਟ ਟਰਮ ਡਿਵੋਰਸੀ) ਉਮਰ 32 ਸਾਲ, ਕੱਦ 6 ਫੁੱਟ, ਆਟੋਮੋਬਾਈਲ ਇੰਜੀਨੀਅਰ, ਵੈਲ ਸੈਟਲਡ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 422 1833 ਜਾਂ 604 716 0711 **297*3**

## ਲੜਕੀ ਦੀ ਲੋੜ

ਕੈਲਗਰੀ(ਕੈਨੇਡਾ) ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਨਸ਼ਾ ਰਹਿਤ,ਮਿਹਨਤੀ ਸੁਭਾਅ ਦੇ ਲੜਕੇ ਜਨਮ ਸਾਲ 2000,ਕੱਦ 5 ਫੁੱਟ 11 ਇੰਚ, ਬੀ ਏ ਗਰੈਜੂਏਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਜੇਕਰ ਕੁੜੀ ਦਾ ਪਿਛੋਕੜ ਨਰਸਿੰਗ ਹੈ ਤਾਂ ਉਸ ਨੂੰ ਨੈਨੀ ਬੇਸ ਉੱਪਰ ਪੀ ਆਰ ਲਈ ਮੱਦਦ ਕਰ ਸਕਦੇ ਹਾਂ। ਲੜਕਾ ਆਪਣੀ ਭੈਣ ਅਤੇ ਉਸਦੇ ਪਰਿਵਾਰ ਨਾਲ ਕੈਲਗਰੀ ਰਹਿੰਦਾ ਹੈ। ਸੰਪਰਕ: 1 403 909 3912 ***297***3***

## ਲੜਕੀ ਦੀ ਲੋੜ

ਰਾਮਗੜ੍ਹੀਆ, ਮੁੱਟੇ ਪਰਿਵਾਰ ਦੇ ਵਿਜਟਰ ਵੀਜੇ ਉੱਪਰ ਕੈਨੇਡਾ ਆਏ ਲੜਕੇ ਉਮਰ 27 ਸਾਲ, ਕੱਦ:5 ਫੁੱਟ 10 ਇੰਚ,ਵਿੱਦਿਅਕ ਯੋਗਤਾ : ਬੀਬੀਏ,ਆਈ ਟੀ ਆਈ ਵੈਲਡਰ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਸਟੂਡੈਂਟ ਵੀਜ਼ਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 825 889 1726 Email: parimnderisngh91726 @gmail.com ***297***3***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ,ਜੱਟ ਸਿੱਖ ਵੈਸ਼ਨੂੰ,ਵੈਲ ਸੈਟਲਡ,ਤਲਾਕਸੁਦਾ,ਬਿਨਾ ਬੱਚੇ ਤੋਂ,ਲੜਕੇ ਉਮਰ 42 ਸਾਲ, ਕੱਦ 5 ਫੁੱਟ 11 ਇੰਚ, ਬੀਏ ਪਾਸ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ/ਵਿਧਾਵਾ ਲੜਕੀ ਬਿਨਾ ਬੱਚੇ ਤੋਂ ਸੰਪਰਕ ਕਰ ਸਕਦੀ ਹੈ। ਸੰਪਰਕ: 1 825 431 3300 ਜਾਂ ਈ ਮੇਲ : jmanjit61@gmail.com ***297***3***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ, ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਜਨਮ (ਇੰਡੀਆ) 1996, ਕੱਦ 6 ਫੁੱਟ 2 ਇੰਚ, ਏਅਰ ਕਰਾਫਟ ਮੈਨਟੀਨੈਂਸ ਡਿਪਲੋਮਾਂ ਹੋਲਡਰ ਲਈ,ਪੜੀ ਲਿਖੀ,ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਹੈ ਅਤੇ ਮੌਜੂਦਾ ਸਮੇ ਸੀ ਐਨ ਵਿੱਚ ਲੋਕੋਮੋਟਿਵ ਇੰਜੀਨਅਰ ਵੱਜੋਂ ਜੈਸਪਰ ਵਿਖੇ ਜੌਬ ਕਰ ਰਿਹਾ ਹੈ। ਸੰਪਰਕ: 1 204 293 6735 ***297***F***

## ਲੜਕੇ ਦੀ ਲੋੜ

Jatt Sikh parents seeking suitable match for their Indian born daughter, Canadian citizen, Dec 1986 born, 5' 1.5" feet, B. Tech & MBA, working in a leading company in management role. Boy should be well educated of good moral values either doing decent job or business. Cell no./ Whatsapp +1 587 434 0817 ***299***rana*

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth ( Anees school Mohali.) Gcg college AA sector Chandigarh (B.A) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ। ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ। ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ। ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ। WhatsApp ਸੰਪਰਕ: 91 98724 26732 ***299**k**

## ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 299*Roop**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ। ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈਂਟਲ ਹਨ ਜੋ ਕਿ ਲੜਕੇ ਨੂੰ ਸੈਂਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ। ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ। ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## Name Change

I, KULJIT SINGH, Son of SARABJIT SINGH, holder of Indian passport No. P 3611321, issued at JALANDHAR, on 15/09/2016, permanent resident of, VILL: RAMPURA, PO: BHANDAL HIMMAT, TEHSIL: PHILLAUR, JALANDHAR, PIN: 144039, PUNJAB, INDIA, presently residing, 204 HOMESTEAD GROVE NE, CALGARY, (AB) T3J5S1 CANADA. Do hereby change My name from KULJIT SINGH to KULJIT SINGH BADESHA with immediate effect.
Date: 15/07/2026 Phone: 1 825 436 2019


## Need Office Administrator

**We need Office administrator person for our Calgary Office. who speaks good English, must have driver license, good wages,we will give training also!**
**Contact : Kam Khamba**
**@403-975-0128**



"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ।

Email: punjabiakhbaar@gmail.com

403 640 2000

# ਕਲਮੀ ਸੱਥ

## ਜਸਵੀਰ ਭਲੂਰੀਆ ਦੀ ਵਿਅੰਗਮਈ ਕਾਵਿ ਕਿਆਰੀ



**ਜਸਵੀਰ ਸਿੰਘ ਭਲੂਰੀਆ**
**ਮੋਬਾ : 9915995505**
**ਸਰੀ (ਬੀ.ਸੀ.) ਕੈਨੇਡਾ**

### ਚਾਹ ਦੀ ਚਾਹ

ਸਭ ਨੂੰ ਰਹਿੰਦੀ ਚਾਹ ਦੀ ਚਾਹ।
ਚਾਹ ਨੇ ਪਾ ਰੱਖਿਆ ਹੈ ਗਾਹ।

ਸੁਣਦੇ ਆਏ ਹਾਂ ਇੱਕ ਕਹਾਵਤ
ਜਿੱਥੇ ਚਾਹ ਉੱਥੇ ਹੀ ਰਾਹ।

ਹੁਣ ਕਹਾਵਤ ਬਦਲ ਗਈ ਹੈ
ਜਿੱਥੇ ਵੀ ਜਾਹ ਉੱਥੇ ਹੀ ਚਾਹ।

ਸੁਭਾਹ ਸਵੇਰੇ ਉੱਠਣ ਸਾਰ ਹੀ
ਬੀਵੀ ਲਿਆ ਰੱਖਦੀ ਹੈ ਠਾਹ।

ਘਰ ਦੇ ਵਿੱਚ ਮਹਿਮਾਨ ਜੇ ਆਜੇ
ਛੇਤੀ ਕਰੋ ਹੁਣ ਧਰ ਲਓ ਚਾਹ।

ਆਪ ਕਿਸੇ ਦੇ ਘਰ ਦੇ ਜਾਈਏ
ਪਹਿਲਾਂ ਪੈਂਦੈ ਚਾਹ ਨਾਲ ਵਾਹ।

ਚਾਹ ਚੰਦਰੀ ਭਾਂਵੇਂ ਸੀਨਾ ਸਾੜੇ
ਫਿਰ ਵੀ ਹੁੰਦੀ ਨਹੀਂਓਂ ਨਾਂਹ।

ਕਈ ਚਾਹ ਨੂੰ ਚਹੁੰਣ ਵਾਲੇ
ਮੁਫਤ 'ਚ ਦੇਈ ਜਾਣ ਸਲਾਹ।

ਕਿਸੇ ਦੇ ਸਿਰ ਦਰਦ ਜੇ ਹੋਵੇ
ਛੇਤੀ ਚਾਹ ਨਾਲ ਗੋਲੀ ਖਾਹ।

ਬਨੱਖਸ਼ਾਂ ਵਾਲੀ ਪੀ ਕੇ ਚਾਹ
ਖੰਘ, ਜੁਕਾਮ ਨੂੰ ਕਰ ਫਨਾਹ।

ਮਹਿਸੂਸ ਹੋਵੇ ਜੇ ਥਕਾਵਟ
ਪੀ ਕੇ ਚਾਹ ਥਕੇਵਾਂ ਲਾਹ।

ਜੇ ਨੀਂਦ ਨੇ ਘੇਰਾ ਘੱਤਿਆ
ਕਰੜੀ ਚਾਹ ਪੀ ਨੀਂਦ ਭਜਾਹ।

ਕਹਿੰਦੇ ਨੇ ਅੰਗਰੇਜ਼ਾ ਇਸ ਨੂੰ
ਭਾਰਤ ਵਿੱਚ ਸੀ ਦਿੱਤੀ ਪਨਾਂਹ।

ਚਾਹ ਤੋਂ ਪਹਿਲਾਂ ਦੁੱਧ, ਲੱਸੀ ਦਾ
ਕਰਦੇ ਨਹੀਂ ਸਨ ਲੋਕ ਵਿਸਾਹ।

ਇੱਕ ਵਾਰ ਸੀ ਦੋਵੇਂ ਲੜੀਆਂ
ਲੱਸੀ ਚਾਹ ਨੂੰ ਲਿਆ ਸੀ ਢਾਹ।

ਜਦ ਇਹ ਖੇਤਾਂ ਦੇ ਵਿੱਚ ਹੁੰਦੀ
ਹੁੰਦੀ ਹਰੀ ਇਹ ਵਾਂਗਰ ਘਾਹ।

ਸਾਡੇ ਤੱਕ ਇਹ ਆਉਂਦੀ ਆਉਂਦੀ
ਹੋ ਜਾਂਦੀ ਹੈ ਕਾਲ਼ੀ ਸ਼ਿਆਹ।

ਪੀਣ ਵਾਲੇ ਨੁਕਸਾਨ ਉਠਾਉਂਦੇ
ਵੇਚਣ ਵਾਲੇ ਬਣ ਜਾਂਦੇ ਸ਼ਾਹ।

ਦੋ ਨੰਬਰ ਦੀ ਚਾਹ ਜੋ ਵੇਚਣ
ਕਰਦੇ ਨੇ ਉਹ ਘੋਰ ਗੁਨਾਂਹ।

ਇੱਕੀ ਜੁਲਾਈ ਨੂੰ ਚਾਹ ਦਿਵਸ
ਲੋਕ ਮਨਾਉਂਦੇ ਨਾਲ ਉਤਸ਼ਾਹ।

ਜਿੰਨੇ ਚਿਰ 'ਚ ਸੁਣਾਈ ਕਵਿਤਾ
ਏਨੇਂ ਚਿਰ 'ਚ ਬਣ ਜਾਂਦੀ ਚਾਹ।

ਕੀ ਗੱਲ ਚੁੱਪ ਬੈਠੇ ਸਰੋਤਿਓ
ਦਾਦ ਦੇਣ ਦੀ ਨਹੀਂ ਸਲਾਹ।

ਭਲੂਰੀਏ ਸਾਰਾ ਜੋਰ ਲਾ ਦਿੱਤਾ
ਹੁਣ ਤਾਂ ਕਰ ਦਿਓ ਵਾਹ,ਵਾਹ,ਵਾਹ।

### ਵਿਅੰਗ ਕਵਿਤਾ

ਹੰਕਾਰ ਦੇ ਨਸ਼ੇ 'ਚ ਹੋ ਕੇ ਧੁੱਤ
ਮਾਂ ਨੂੰ ਮੱਤਾਂ ਦੇਵੇ ਪੁੱਤ

ਕਹਿੰਦਾ ਸੁਣ ਨੀ ਕੜਛੀ ਮਾਂ
ਮੈਂ ਤੇਰਾ ਪੁੱਤ ਚਮਚਾ ਹਾਂ

ਰਹਿੰਨੀ ਏਂ ਤੂੰ ਸੇਕ 'ਚ ਮੱਚਦੀ
ਮੈਨੂੰ ਇਹ ਗੱਲ ਮੂਲ ਨਾ ਜਚਦੀ

ਮਿਰਚ,ਮਸਾਲੇ ਤੇਰਾ ਪਿੰਡਾ ਲੂੰਹਦੇ
ਲੋਕ ਦੱਸ ਤੇਰੀ ਕਦਰ ਕੀ ਪਾਉਂਦੇ

ਅੱਜ ਤੋਂ ਮਾਂ ਇਹ ਛੱਡਦੇ ਕੰਮ
ਮੈਨੂੰ ਆਉਂਦੀ ਬੜੀ ਹੀ ਸ਼ਰਮ

ਜਿੱਥੇ ਤੇਰਾ ਪੁੱਤ ਚਮਚਾ ਚੱਲੇ
ਉੱਥੇ ਹੁੰਦੀ ਹੈ ਬੱਲੇ ਬੱਲੇ

ਛਾਂ ਨੂੰ ਧੁੱਪ ਤੇ ਧੁੱਪ ਨੂੰ ਛਾਂ
ਆਕਾ ਕਹੇ ਤਾਂ ਕਹਿੰਦਾ ਹਾਂ

ਇੱਕ ਗੱਲ ਮਾਏ ਸੁਣ ਲਾ ਹੋਰ
ਸਿਆਸਤ 'ਚ ਮੇਰੀ ਪੂਰੀ ਟੌਹਰ

ਝੂਠ ਜੇ ਲੱਗੇ ਮੇਰੀ ਗੱਲ
ਸਿਆਸੀ ਨੇਤਾ ਕੋਲੇ ਚੱਲ

ਜੁੱਤੀ ਵਿੱਚ ਜਿਉਂ ਫਿੱਟ ਕਲਬੂਤ
ਜਿਉਂਦਾ ਜਾਗਦੀ ਮਿਲੂ ਸਬੂਤ

ਦੇਖ ਮੈਂ ਉੱਚੇ ਰੁਤਬੇ ਨੇ ਪਾਏ
ਗਰੀਬੀ, ਦਲਿੱਦਰ ਦੂਰ ਭਜਾਏ

—o—

ਅੱਕ ਕੇ ਸੀ ਮਾਂ ਕੜਛੀ ਬੋਲੀ
ਇਹ ਕੀ ਕੁਫ਼ਰ ਜਾਨੈਂ ਤੋਲੀ

ਇਹ ਜੋ ਉੱਚਾ ਰੁਤਬਾ ਪਾਇਆ
ਮੇਰੀ ਕੁੱਖ ਨੂੰ ਦਾਗ ਤੂੰ ਲਾਇਆ

ਕਿਸੇ ਕੰਮ ਨਾ ਉਹ ਜੰਗੀਰਾਂ
ਲਈਆਂ ਨੇ ਜੋ ਮਾਰ ਜ਼ਮੀਰਾਂ

ਔਕਾਂਤ ਆਪਣੀ ਭੁੱਲ ਜੋ ਜਾਵੇ
ਕੱਖਾਂ ਵਾਂਗੂੰ ਰੁਲ਼ ਉਹ ਜਾਵੇ

ਸੱਚੇ-ਸੁੱਚੇ ਜੋ ਕਰਦੇ ਧੰਦੇ
ਸਦਾ ਜਿਉਂਦੇ ਅਣਖੀ ਬੰਦੇ

ਚਮਚਾਗਿਰੀ 'ਚ ਹੋਇਆ ਚੂਰ
ਜੰਮ ਕੇ ਕੀਤਾ ਮੈਂ ਕਸੂਰ

ਮੇਰੀ ਨਜ਼ਰ ਤੋਂ ਹੋ ਜਾ ਦੂਰ
ਮੁੜ ਨਾ ਵੜੀਂ ਪਿੰਡ ਭਲੂਰ

### ਮਾਇਕ



ਕਈਆਂ ਨੂੰ ਜਦ ਦਿਸ 'ਜੇ ਮਾਇਕ
ਉਹ ਕਰ ਦਿੰਦੇ ਨੇ ਝੱਟ ਅਟੈਕ

ਫਿਰ ਨੀ ਛੱਡਦੇ ਮਾਇਕ ਦਾ ਖਹਿੜਾ
ਲਾਲ ਮਾਈ ਦਾ ਰੋਕੂ ਕਿਹੜਾ

ਜਿਵੇਂ ਨਾ ਸਾਡੇ ਲੀਡਰ ਜਰਦੇ
ਸਾਂਝੀ ਚੀਜ਼ ਤੇ ਕਬਜਾ ਕਰਦੇ

ਦਿੱਤਾ ਸਮਾਂ ਜਦ ਜਦੋਂ ਮੁੱਕ ਜਾਵੇ
ਸਟੇਜ ਸਕੱਤਰ ਨੇੜ ਨੂੰ ਆਵੇ

ਫਿਰ ਵੀ ਕੋਈ ਅਸਰ ਨੀ ਪੈਂਦਾ
ਓਵੇਂ ਈਂ ਭਾ ?ਸ਼ਨ ਚੱਲਦਾ ਰਹਿੰਦਾ

ਅਖੀਰ ਸੈਕਟਰੀ ਝੱਗਾ ਖਿੱਚੇ
ਗੱਲ ਕਿਵੇਂ ਮੈਂ ਛੱਡ ਦਿਆਂ ਵਿੱਚੇ

ਅਜੇ ਤਾਂ ਗੱਲ ਸ਼ੁਰੂ ਐ ਕੀਤੀ
ਅਜੇ ਤਾਂ ਦੱਸਣੀ ਮੈਂ ਹੱਡਬੀਤੀ

ਤਕਰੀਰ ਅੱਗੇ ਨੂੰ ਵਧਦੀ ਜਾਂਦੀ
ਸੈਕਟਰੀ ਦੀ ਕੋਈ ਪੇਸ਼ ਨਾ ਜਾਂਦੀ

ਸਕੱਤਰ ਮੂੰਹੋਂ ਕੁੱਝ ਨਾ ਬੋਲੇ
ਪਰ ਅੰਦਰ ਹੀ ਵਿਸ਼ ਪਿਆ ਘੋਲੇ

——o——

ਅਖੰਡ ਪਾਠ ਜਾਂ ਮਰਗ ਦਾ ਭੋਗ
ਸਮਝੇ ਮੈਂ ਹੀ ਬੋਲਣ ਯੋਗ

ਬਾਕੀ ਸਭ ਤਾਂ ਹੋਣਗੇ ਜ਼ੀਰੋ
ਮੈਂ ਹੀ ਹੈ ਅੱਜ ਬਣਨਾ ਹੀਰੋ

ਬੰਨ ਦਿੰਦੇ ਸਿਫਤਾਂ ਦੇ ਪੁੱਲ
ਹੋਰ ਕੋਈ ਨਾ ਇਹਦੇ ਤੁੱਲ

ਮੇਰਾ ਇਸ ਨਾਲ ਗੂੜਾ ਰਿਸ਼ਤਾ
ਮਰਨ ਵਾਲਾ ਤਾਂ ਸੀ ਫਰਿਸ਼ਤਾ

ਤਨੋਂ ਮਨੋਂ ਵਾਹ ਪੂਰੀ ਲਾਉਂਦੇ
ਸਵਰਗਾਂ ਤੱਕ ਨੇ ਛੱਡ ਕੇ ਆਉਂਦੇ

——o——

ਜਿਵੇਂ ਸ਼ਮਾਂ ਅਤੇ ਪਰਵਾਨੇ
ਕਈ ਕਵੀ ਵੀ ਮਾਇਕ ਦੀਵਾਨੇ

ਪਹਿਲਾਂ ਪੂਰੀ ਭੂਮਿਕਾ ਬੰਨਦੇ
ਕਹਿੰਦੇ ਹਾਵ-ਭਾਵ ਨੇ ਮਨ ਦੇ

ਪਾਣੀ ਵਿੱਚ ਮਧਾਣੀ ਪਾ ਕੇ
ਰਿੜਕੀ ਜਾਣ ਸਟੇਜ 'ਤੇ ਆ ਕੇ

ਇੱਕ ਕਵਿਤਾ ਨਾਲ ਸਬਰ ਨਾ ਆਵੇ
ਦੋ-ਤਿੰਨ ਕੱਠੀਆਂ ਹੀ ਸੁਣਾਵੇ

ਸਰੋਤੇ ਓਧਰ ਊਂਗਣ ਲੱਗਣ
ਕਈਆਂ ਦੇ ਘੁਰਾੜੇ ਵੱਜਣ

ਨਾਂ ਲੈ ਲੈ ਕੇ ਸ਼ੇਅਰ ਸੁਣਾਉਂਦੇ
ਸੁੱਤੇ ਸਰੋਤਿਆਂ ਤਾਈਂ ਜਗਾਉਂਦੇ

ਅੱਧਾ-ਪੌਣਾ ਘੰਟਾ ਲਾ ਕੇ
ਮੁਆਫੀ ਮੰਗੇ ਅੰਤ 'ਚ ਆ ਕੇ

ਸੌਰੀ ਮੈਂ ਸਮਾਂ ਵੱਧ ਲੈ ਗਿਆ
ਏਨਾ ਕਹਿ,ਔਹ ਗਿਆ ਔਹ ਗਿਆ

ਕਈ ਅਜਿਹੇ ਹੁੰਦੇ ਬੰਦੇ
ਆਦਤ ਤੋਂ ਮਜਬੂਰ ਨੇ ਹੁੰਦੇ

ਜਿੰਨਾ ਮਰਜ਼ੀ ਰੋਕੋ-ਟੋਕੋ
'ਮੈਂ ਨਾ ਮਾਨੂੰ' ਕਹਿੰਦੇ ਲੋਕੋ

ਹੋਰਾਂ 'ਤੇ ਜਿਸ ਤਵਾ ਲਾਇਆ
ਜਸਵੀਰ ਓਹੀ ਕਰ ਵਿਖਾਇਆ

ਆਉਂਦਾ ਨੀ ਇਹਨੂੰ ਇੱਲ ਦਾ ਕੁੱਕੜ
ਆਪੂੰ ਬਣਿਆਂ ਸਾਹਿੱਤਕ ਫੁੱਫੜ

ਬੇਸ਼ਕੀਮਤੀ ਸਮਾਂ ਗਵਾਇਆ
ਕਈਆਂ ਦਾ ਸਿਰ ਦੁਖਣ ਲਾਇਆ

ਤੁਹਾਡੇ ਤੋਂ ਉਹ ਰੱਖਦੈ ਆਸ
ਭਲੂਰੀਏ ਨੂੰ ਕਰ ਦਿਉਗੇ ਮੁਆਫ

### ਇਲੈਕਸ਼ਨ ਆਏ ਨੇੜੇ'

ਫੇਰ ਇਲੈਕਸ਼ਨ ਆਏ ਨੇੜੇ
ਲੀਡਰਾਂ ਨੇ ਫਿਰ ਮੁੱਦੇ ਛੇੜੇ

ਗੱਡੇ ਮੁਰਦੇ ਪੁੱਟਣ ਲੱਗੇ
ਚਿੱਕੜ ਦੂਜੇ ਤੇ ਸੁੱਟਣ ਲੱਗੇ

ਮੁਫ਼ਤ 'ਚ ਸੁੱਖ-ਸਹੂਲਤਾਂ ਵੰਡਣ
ਟਾਕੀ ਲਾ ਅਸਮਾਨ ਨੂੰ ਗੰਢਣ

ਇੱਕ ਨੇਤਾ ਕਹੇ ਸੁਣ ਲੋ ਭਾਈ
ਜੇ ਸਾਡੀ ਸਰਕਾਰ ਬਣਾਈ

ਭੁੱਖ ਥੋਡੀ ਅਸੀਂ ਮਾਰ ਦਿਆਂਗੇ
ਦਰਜ਼ੀਆਂ ਨੂੰ ਰੋਜ਼ਗਾਰ ਦਿਆਂਗੇ

ਗਲੀਆਂ ਵਿੱਚ ਜੋ ਲਾਉਣ ਦੁੜੰਗੇ
ਜਿੰਨੇ ਵੀ ਕੁੱਤੇ ਫਿਰਦੇ ਨੰਗੇ

ਸਭ ਦੇ ਹੀ ਪਾ ਦਿਆਂਗੇ ਕੱਛੇ
ਕੁੱਤਿਆਂ ਦੇ ਦਿਨ ਆਉਣਗੇ ਅੱਛੇ

ਅਵਾਰਾ ਫਿਰਦੇ ਜਿੰਨੇ ਵੀ ਢੱਠੇ
ਸਾਰੇ ਹੀ ਅਸੀਂ ਕਰਕੇ 'ਕੱਠੇ

ਸਭ ਤੋਂ ਕੰਮ ਕਰਾਂਗੇ ਅੱਛਾ
ਕੋਲ਼ੋਂ ਦੇ ਕੇ ਸਰਕਾਰੀ ਰੱਸਾ

ਹਰ ਘਰ ਇੱਕ ਇੱਕ ਵੰਡ ਦਿਆਂਗੇ
ਨਾਲ ਪੱਠਿਆਂ ਦੀ ਪੰਡ ਦਿਆਂਗੇ

ਦੁੱਧ ਦੀ ਫੇਰ ਘਾਟ ਨੀ ਰਹਿਣੀ
ਘਰ ਘਰ ਦੁੱਧ ਦੀ ਗੰਗਾ ਵਹਿਣੀ

ਵੇਚਿਓ ਨਾਲੇ ਰੱਜ ਰੱਜ ਪੀਓ
ਸਾਡੇ ਰਾਜ 'ਚ ਖੁਸ਼ ਖੁਸ਼ ਜੀਓ

-o-

ਫੇਰ ਆ ਗਿਆ ਦੂਜਾ ਨੇਤਾ
ਮੁਫ਼ਤ 'ਚ ਘੱਲੂੰ ਘਰ ਘਰ ਰੇਤਾ

ਆਲੀਸ਼ਾਨ ਮਕਾਨ ਬਣਾਦੂੰ
ਘਰ ਘਰ ਵਿੱਚ ਗਰਿੱਡ ਲਵਾਦੂੰ

ਨਸ਼ਾ ਕੋਈ ਵੀ ਰਹਿਣ ਨੀ ਦੇਣਾ
ਅਮਲੀਆਂ ਨੂੰ ਦੁੱਖ ਸਹਿਣ ਨੀ ਦੇਣਾ

ਬੱਸ ਤੁਸੀਂ ਇੱਕ ਕਰਨੀ ਕਾਲ
ਘਰ ਪਹੁੰਚ ਜਾਊ ਨਾਲ ਦੀ ਨਾਲ

ਵਿਦੇਸ਼ੀ ਛੱਡੋ,ਬਣੋ ਸਵਦੇਸੀ
ਘਰ ਦੀ ਕੱਢ ਕੇ ਪੀਓ ਦੇਸੀ

ਡੱਕਾ ਤੋੜ ਨਾ ਕਰਿਓ ਦੂਹਰਾ
ਘਰ ਵਿੱਚ ਰਾਸ਼ਨ ਮਿਲੂਗਾ ਪੂਰਾ

ਜੇ ਵਾਅਦੇ ਤੋਂ ਗਿਆ ਮੈਂ ਫਿਰ
ਮੇਰੀਆਂ ਜੁੱਤੀਆਂ ਥੋਡਾ ਸਿਰ

-o-

ਫੇਰ ਆ ਗਿਆ ਤੀਜਾ ਨੇਤਾ
ਇਸ ਚੋਣ ਦਾ ਮੈਂ ਵਿਜੇਤਾ

ਕਰ ਨਾ ਬੈਠਿਓ ਵੋਟ ਖਰਾਬ
ਗਿਣ ਗਿਣ ਕੇ ਮੈਂ ਲਊ ਹਿਸਾਬ

ਜਿਹੜਾ ਚੱਲੂਗਾ ਸਾਡੇ ਨਾਲ
ਕਰ ਦਿਆਂਗੇ ਮਾਲਾ-ਮਾਲ

ਪਹਿਲਿਆਂ ਨੇ ਹੈ ਲੁੱਟਿਆ ਥੋਨੂੰ
ਲੰਮੇ ਪਾ ਪਾ ਕੁੱਟਿਆ ਥੋਨੂੰ

ਰੱਜ ਕੇ ਉਨਾਂ ਵੇਚਿਆ ਚਿੱਟਾ
ਤੁਸੀਂ ਸਭ ਨੇ ਅੱਖੀਂ ਡਿੱਠਾ

ਹੋਊ ਨਾ ਹੁਣ ਘਾਲਾਮਾਲਾ
ਆਪਾਂ ਦੇਣਾ ਮਾਲ ਹੈ ਕਾਲਾ

ਖਾ ਕੇ ਖ਼ੂਬ ਤੁਸੀਂ ਕਰਿਓ ਕੰਮ
ਸ਼ਾਮ ਨੂੰ ਛਿੱਟ ਛਿੱਟ ਲਾਇਓ ਰੰਮ

-0-

ਫੇਰ ਆ ਗਿਆ ਚੌਥਾ ਨੇਤਾ
ਆ ਗਿਆ ਸਾਨੂੰ ਥੋਡਾ ਚੇਤਾ

ਲਾਹ ਦਿਆਂਗੇ ਸਭ ਉਲ੍ਹਾਮੇਂ
ਦੁਲਹਨ ਦੇ ਅਸੀਂ ਬਣ ਕੇ ਮਾਮੇ

ਪੂਰੀ ਨਾਨਕੀ-ਛੱਕ ਪੂਰਾਂਗੇ
ਸਮਝ ਆਪਣਾ ਹੱਕ ਪੂਰਾਂਗੇ

ਜਿਹੜੇ ਬੱਚੇ ਬਾਹਰ ਨੇ ਜਾਂਦੇ
ਨਾਲੇ ਵੀਹ-ਵੀਹ ਲੱਖ ਲਿਜਾਂਦੇ

ਫੜ ਕੇ ਅੰਦਰ ਕਰ ਦਿਆਂਗੇ
ਪੱਕੇ ਜਿੰਦਰੇ ਜੜ ਦਿਆਂਗੇ

ਬਾਹਰ ਦਾ ਕੋਈ ਨਾਂ ਨਾ ਲਊ
ਦੇਸ਼ ਦਾ ਪੈਸਾ ਦੇਸ਼ 'ਚ ਰਊ

ਵੋਟਰੋ ਗੱਲਾਂ ਵਿੱਚ ਨਾ ਆਇਓ
ਭਲੂਰੀਆ ਸੋਚ ਕੇ ਵੋਟਾਂ ਪਾਇਓ

### ਮਾਡਰਨ ਮੰਗਤੇ

ਮੰਗਦੇ ਤਾਂ ਆਏ ਨੇ ਮੁੱਦਤਾਂ ਤੋਂ ਹੀ ਮੰਗਤੇ।
ਮਿਲਾਉਣ ਲੱਗੈ ਅੱਜ ਥੋਨੂੰ ਮਾਡਰਨ ਮੰਗਤੇ।
ਥੋਡਾ ਵੀ ਨਿੱਤ ਵਾਹ ਪੈਂਦਾ ਹੋਣੈ ਇਨਾਂ ਨਾਲ,
ਕੌਣ ਨੇ ਇਹ,ਕਹਿਣ ਲੱਗੈ, ਕੰਨ ਕਰ ਸੰਗਤੇ।
ਪੈਸਾ ਨੀ ਇਹ ਮੰਗਦੇ,ਨਾ ਚਾਹ-ਰੋਟੀ ਮੰਗਦੇ,
ਲਾਈਕ, ਕੁਮੈਂਟ ਤੇ ਵਿਚਾਰੇ ਵਿਊ ਮੰਗਦੇ।
ਸਰਸਕਰਾਈਬ ਸਾਡੇ ਚੈਨਲ ਨੂੰ ਕਰ ਦਿਓ,
ਹੱਥ ਜੋੜ ਹਾੜ੍ਹੇ ਪਾਉਂਦੇ ਭੋਰਾ ਵੀ ਨੀ ਸੰਗਦੇ।

ਘਸਦਾ ਨਾ ਕੁੱਝ ਵੀ, ਨਾ ਕੋਈ ਪੈਸਾ ਲੱਗਦਾ,
ਮਾਰ ਜਾਇਓ ਠੂੰਗਾ ਜ਼ਰਾ ਕੋਲੋਂ ਦੀ ਲੰਘਦੇ।
ਜਣਾ-ਖਣਾ ਅੱਜ ਕੱਲ੍ਹ ਚੈਨਲ ਬਣਾਈ ਬੈਠੈ,
ਚੱਕਣੀ ਨਾ ਪੈਂਦੀ ਇੱਟ ਚੜ੍ਹੇ ਬੈਠੇ ਨੇ ਕੰਧ 'ਤੇ।
ਮੋਢੇ ਉੱਤੇ ਬੈਗ ਅਤੇ ਹੱਥ ਵਿੱਚ ਮਾਈਕ ਹੁੰਦੈ,
ਪਰ ਕਰਤੂਤਾਂ, ਜਿਉਂ ਪਕੌੜੇ ਖਾਧੇ ਭੰਗ ਦੇ।
ਕਈਆਂ ਤਾਂ ਵਾਹਵਾ ਈ ਸੰਦਪੈੜਾ 'ਕੱਠਾ ਕੀਤੈ,
ਨਿੱਕਲਦੇ ਏਂਵੇਂ ਜਿਵੇਂ ਚੱਲੇ ਹੋਣ ਜੰਗ 'ਤੇ।
ਇੱਜਤ ਤੋਂ ਵਧ ਹੋ ਗਏ ਫਾਲੋਅਰ ਕੀਮਤੀ,
ਹਯਾ ਦੇ ਦੁੱਪੱਟੇ ਲਾਹ ਕੇ ਕਿੱਲੀ ਉੱਤੇ ਟੰਗ 'ਤੇ।

ਰਾਤੋ-ਰਾਤ ਹਰ ਕੋਈ ਮਸ਼ਹੂਰ ਹੋਣਾ ਚਹੁੰਦੈ,
ਸ਼ੌਹਰਤ ਦੀ ਸੱਪਣੀ ਨੇ ਸਾਰੇ ਹੀ ਨੇ ਡੰਗ 'ਤੇ।
ਬੱਚਾ ਨਾ ਜਵਾਨ, ਨਾ ਹੀ ਬੁੱਢੜਾ ਕੋਈ ਬਚਿਆ,
ਲਾਈਕਾਂ ਦੇ ਵਰੋਲ਼ੇ ਨੇ ਵੰਝ ਉੱਤੇ ਟੰਗ 'ਤੇ।
ਮਿਹਨਤੀ ਮਸ਼ਹੂਰ ਸੀ ਪੰਜਾਬੀ ਵਿੱਚ ਦੁਨੀਆਂ ਦੇ,
ਲੋਭ ਨੇ ਭਿਖਾਰੀਆਂ ਦੇ ਭੇਖ ਵਿੱਚ ਰੰਗ 'ਤੇ।
ਥੋਡੇ 'ਚੋਂ ਵੀ ਬਹੁਤਿਆਂ ਨੂੰ ਲੱਗਾ ਹੋਊ ਇਹ ਰੋਗ,
ਤਾਂ ਹੀ ਤਾਂ ਵਿਅੰਗ ਦਾ ਟੀਕਾ ਲਾਇਆ ਟੰਗ 'ਤੇ।
ਭੋਲ਼ਿਓ ਨਾ ਭੁੱਲੇ ਰਿਹੋ, ਭਲੂਰੀਆ ਵੀ ਘੱਟ ਨੀ,
ਸ਼ਰਮ,ਹਯਾ ਦੇ ਬੰਨੇ ਇਹਨੇ ਵੀ ਨੇ ਲੰਘ 'ਤੇ।




# ਆਸ਼ਾ ਸ਼ਰਮਾ ਦੀ ਸ਼ਾਇਰੀ ਦੀ ਪਕੜ ਐਸੀ ਹੈ, ਜਿਵੇਂ ਕਿਤਾਬਾਂ ਦੀਆਂ ਕਿਤਾਬਾਂ ਉਨ੍ਹਾਂ ਦੇ ਜ਼ਿਹਨ 'ਚ ਹੋਣ


ਆਸ਼ਾ ਸ਼ਰਮਾ ਅਤੇ ਅਸ਼ੋਕ ਬਾਂਸਲ



ਆਸ਼ਾ ਸ਼ਰਮਾ ਅਤੇ ਅਮਰਿੰਦਰ ਗਿੱਲ ਸਟੇਜ ਸਾਂਝੀ ਕਰਦੇ ਹੋਏ

ਫਰਿਜ਼ਨੋ (ਕੈਲੇਫੋਰਨੀਆ, ਅਮਰੀਕਾ) ਦੇ ਲਾਗਲੇ ਪੰਜਾਬੀ ਭਾਈਚਾਰੇ ਦੀ ਪਹਿਲੀ ਵਸੋਂ ਵਾਲੇ ਕਸਬੇ ਸਨਵਾਕੀਨ ਵਿਖੇ ਗੁਰੂ ਨਾਨਕ ਸਪੋਰਟਸ ਕਲੱਬ ਵੱਲੋਂ ਸਲਾਨਾ ਕਬੱਡੀ ਟੂਰਨਾਮੈਂਟ ਅਤੇ ਪਰਿਵਾਰਕ ਪਿਕਨਿਕ ਹੋ ਰਹੀ ਸੀ। ਮੈਦਾਨ ਖੱਚਾ ਖੱਚ ਭਰਿਆ ਹੋਇਆ ਸੀ। ਇੰਞ ਜਾਪਦਾ ਸੀ ਕਿ ਨਵੇਂ ਨਵੇਂ ਕੱਪੜੇ ਪਹਿਨ ਕੇ ਪੰਜਾਬ ਦੀਆਂ ਤ੍ਰੀਮਤਾਂ ਕਿਸੇ ਅੱਧੀ ਸਦੀ ਪੁਰਾਣੇ ਪੰਜਾਬ ਦੇ ਮੇਲੇ ਵਿੱਚ ਕੱਠੀਆਂ ਹੋਈਆਂ ਹੋਣ ਅਤੇ ਪੰਜਾਬੀ ਗੱਭਰੂ ਮੋਰਾਂ ਵਾਂਗੂੰ ਪੈਲਾਂ ਪਾਉਂਦੇ ਹੋਣ। ਸਟੇਜ਼ ਤੋਂ ਸ਼ੁਧ ਪੰਜਾਬੀ ਮਲਵਈ ਬੋਲੀ ਵਿੱਚ ਸੋਹਣੇ ਸੋਹਣੇ ਸ਼ੇਅਰਾਂ ਨਾਲ ਸੰਚਾਲਨ ਹੋ ਰਿਹਾ ਸੀ।

ਸ਼ੇਅਰ ਬੋਲਦੇ ਬੋਲਦੇ ਮਾਈਕ 'ਚੋਂ ਆਵਾਜ਼ ਆਈ ਕਿ ਇਸ ਮੇਲੇ ਵਿੱਚ ਮੇਰੇ ਪੇਕਿਆਂ ਤੋਂ ਮੇਰਾ ਨਿੱਕਾ ਵੀਰ ਅਸ਼ੋਕ ਆਇਆ ਐ ਜਿੱਥੇ ਵੀ ਹੋਵੇ ਵੀਰ ਸਟੇਜ਼ ਤੇ ਆ ਜਾਵੇ। ਇਹ ਆਵਾਜ਼ ਸੀ ਭੈਣ ਆਸ਼ਾ ਸ਼ਰਮਾ ਦੀ। ਮੈਂ ਸਟੇਜ਼ ਤੇ ਗਿਆ ਆਸ਼ਾ ਨੇ ਮੈਨੂੰ ਇੰਞ ਗਲਵਕੜੀ ਵਿੱਚ ਲੈ ਲਿਆ ਜਿਵੇਂ ਚਿਰਾਂ ਤੋਂ ਦੂਰ ਵਿਆਹੀ ਵੱਡੀ ਭੈਣ ਆਪਣੇ ਸੌਹੁਰੇ ਪੁੱਜੇ ਛੋਟੇ ਭਰਾ ਨੂੰ ਗਲਵੱਕੜੀ ਪਾਉਂਦੀ ਐ। ਸਿਰ ਪਲੋਸਦੀ ਐ। ਉਹਦਾ ਚਿਹਰਾ ਨਿਹਾਰਦੀ ਐ। ਬੇਸ਼ੱਕ ਮੇਰੇ ਕੋਈ ਅੰਮਾਂ ਜਾਈ ਭੈਣ ਨਹੀਂ, ਪਰ ਉਸ ਦਿਨ ਆਸ਼ਾ ਨੇ ਮਾਂ ਤੇ ਵੱਡੀ ਭੈਣ ਦੋਵਾਂ ਦੀ ਈ ਖਾਲੀ ਥਾਂ ਭਰ ਦਿੱਤੀ। ਮੇਰੀਆਂ ਅੱਖਾਂ 'ਚ ਅੱਥਰੂ ਆ ਗਏ। ਸੱਤ ਸਮੁੰਦਰੋਂ



ਪਾਰ ਪੰਜਾਬੀ ਰਿਸ਼ਤਿਆਂ ਦੇ ਨਿੱਘ ਨੂੰ ਮਾਣਦਿਆਂ ਮੇਰਾ ਗੱਚ ਭਰ ਆਇਆ ।

ਆਸ਼ਾ ਸ਼ਰਮਾ, ਪੰਜਾਬੀ ਸੱਭਿਆਚਾਰ, ਕਲਾ ਅਤੇ ਸਟੇਜ਼ ਦੀ ਉਹ ਸ਼ਖ਼ਸੀਅਤ ਐ, ਜੋ ਹਰ ਵਕਤ ਪੰਜਾਬੀਅਤ ਵਿੱਚ ਰੰਗੀ, ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਖੈਰ ਮੰਗਦੀ ਐ। -ਪਰੀ ਧਰਤੀ ਤੇ ਮਾਂ ਬੋਲੀ ਦਾ ਪ੍ਰਚਾਰ ਕਰਦੀ ਐ । ਠੇਠ ਮਲਵਈ ਪੰਜਾਬੀ ਬੋਲੀ, ਪੰਜਾਬੀ ਪਹਿਰਾਵਾ, ਪੰਜਾਬੀ ਖਾਣਾ, ਉਸਦਾ ਅਕੀਦਾ ਐ!

ਧੂਰੀ ਸ਼ਹਿਰ ਦੇ ਲਾਗਲੇ ਪਿੰਡ ਸੇਖਾ (ਬਰਨਾਲਾ ) ਮਾਲਵੇ ਦੇ ਐਨ ਗੜ੍ਹ ਵਿੱਚ ਜਨਮ ਲੈਣ ਵਾਲੀ ਆਸ਼ਾ ਸ਼ਰਮਾ ਜੀ ਨੇ ਆਪਣੇ ਜੀਵਨ ਦਾ ਜਿਆਦਾ ਸਮਾਂ ਪੰਜਾਬ ਦੇ ਬਰਨਾਲਾ ਸ਼ਹਿਰ ਵਿੱਚ ਬਿਤਾਇਆ। ਇਹਨਾਂ ਨੇ ਐਮ ਏ ਅੰਗਰੇਜ਼ੀ ਅਤੇ ਬੀ ਐਡ ਤੱਕ ਦੀ ਪੜ੍ਹਾਈ ਸਰਵੋਤਮ ਸਟੂਡੈਂਟ ਦੇ ਤੌਰ ਤੇ ਪੂਰੀ ਕੀਤੀ।ਉਹ ਕਾਲਜ ਸਮੇਂ ਏਥੋਂ ਦੇ ਮੈਗਜ਼ੀਨ ਦੇ ਐਡੀਟਰ ਵੀ ਰਹੀ। ਪੰਜਾਬੀ ਯੂਨੀਵਰਸਿਟੀ ਦੀ ਬੈਸੱਟ ਡਿਬੇਟਰ ਵੀ ਰਹੀ। ਪੜ੍ਹਾਈ ਪੂਰੀ ਕਰਨ ਉਪਰੰਤ ਇਹਨਾਂ ਨੇ ਲੁਧਿਆਣਾ ਸ਼ਹਿਰ ਦੇ ਸੇਕਰਡ ਹਾਰਟ ਸਕੂਲ (ਸਰਾਭਾ ਨਗਰ) ਅਤੇ ਬੀ ਸੀ ਐਮ ਆਰੀਆ ਸਕੂਲ ਲੁਧਿਆਣਾ ਵਿੱਚ ਪੜ੍ਹਾਇਆ 'ਤੇ ਫਿਰ ਸਹਿਣੇ ਦੇ ਸਰਕਾਰੀ ਸਕੂਲ ਵਿੱਚ ਅਧਿਆਪਕਾ ਵੱਜੋਂ ਆਪਣੇ ਵਿਦਿਆਰਥੀਆਂ ਨੂੰ ਗਿਆਨ ਦੀ ਰੋਸ਼ਨੀ ਵੰਡੀ। ਬਾਅਦ ਵਿੱਚ ਪੰਜਾਬ ਸਿੱਖਿਆ ਵਿਭਾਗ ਵੱਲੋਂ ਇਹਨਾਂ ਨੂੰ ਸੀਨੀਅਰ ਪ੍ਰੋਜੈਕਟ ਆਫੀਸਰ (ਕਲਚਰ) ਵੀ ਲਗਾਇਆ ਗਿਆ।

ਅਧਿਆਪਨ ਦੇ ਦੌਰ ਤੋਂ ਹੀ ਆਸ਼ਾ ਸ਼ਰਮਾ ਨੇ ਸਟੇਜਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।ਇਹਨਾਂ ਨੇ ਪੰਜਾਬ ਵਿੱਚ ਸੈਂਕੜੇ ਸਟੇਜਾਂ ਕਰਕੇ ਅਜਿਹੀ ਵਾਹ ਵਾਹ ਖੱਟੀ ਕਿ ਉਸ ਤੋਂ ਪਿੱਛੋਂ ਫਿਰ ਇਹਨਾਂ ਨੇ ਕਦੇ ਪਿੱਛੇ-ਮੁੜਕੇ ਨਹੀਂ ਵੇਖਿਆ । ਉਸ ਸਮੇਂ ਤੋਂ ਲੈ ਕੇ ਅੱਜ ਤੱਕ ਉਹ ਹਰ ਵੱਡੀ-ਛੋਟੀ ਸਟੇਜ ਦੀ ਸ਼ਾਹ ਰਗ ਬਣੇ ਹੋਏ ਹਨ। ਕਾਫੀ ਸਮੇਂ ਤੋਂ ਅਮਰੀਕਾ ਦੀ ਸਟੇਟ ਕੈਲੀਫੋਰਨੀਆ ਵਿੱਚ ਵੱਸਦਿਆਂ ਆਸ਼ਾ ਜੀ ਨਾ ਸਿਰਫ਼ ਸਟੇਜ ਦੀ ਰੌਣਕ ਬਣੇ, ਸਗੋਂ ਅਮਰੀਕਾ ਦੀ ਧਰਤੀ ਤੋਂ ਗੀਤ-ਸੰਗੀਤ ਰੇਡੀਓ ਦੇ ਮਾਧਿਅਮ ਰਾਹੀਂ ਹਰ ਘਰ ਦੇ ਵਿਹੜੇ ਦੀ ਰੌਣਕ ਵੀ ਬਣੇ।ਅੱਜ ਵੀ ਉਹ ਸਟੇਜਾਂ ਅਤੇ ਰੇਡੀਓ, ਦੋਹਾਂ ਰਾਹੀਂ ਭਾਈਚਾਰੇ ਦੀ ਸੇਵਾ ਕਰ ਰਹੇ ਨੇ।

ਕੋਈ ਵੀ ਪੰਜਾਬੀ ਮੇਲਾ ਜਾਂ ਸਮਾਗਮ ਉਹਨਾਂ ਦੀ ਸ਼ਮੂਲੀਅਤ ਤੋਂ ਬਿਨਾਂ ਅਧੂਰਾ ਲੱਗਦਾ ਹੈ। ਸਟੇਜ 'ਤੇ ਉਹ ਜਦ ਕਿਸੇ ਕਲਾਕਾਰ ਨੂੰ ਪੇਸ਼ ਕਰਦੇ ਹਨ, ਤਾਂ ਓਸ ਕਲਾਕਾਰ ਦੀ ਕਲਾ, ਮਿਹਨਤ, ਅਤੇ ਯਾਤਰਾ ਨੂੰ ਇੰਨੇ ਸੁਚੱਜੇ ਢੰਗ ਨਾਲ ਦਰਸਾਉਂਦੇ ਹਨ ਕਿ ਦਰਸ਼ਕ ਅਸ਼-ਅਸ਼ ਕਰ ਉੱਠਦੇ ਹਨ। ਉਹਨਾਂ ਦੀ ਸ਼ਾਇਰੀ ਦੀ ਪਕੜ ਐਸੀ ਹੈ, ਜਿਵੇਂ ਕਿਤਾਬਾਂ ਦੀਆਂ ਕਿਤਾਬਾਂ ਉਨ੍ਹਾਂ ਦੇ ਜ਼ਿਹਨ 'ਚ ਹੋਣ।

ਬੇਹੱਦ ਮਿੱਠਾ ਬੋਲ, ਨਿਮਰਤਾ ਭਰਿਆ ਸੁਭਾਅ, ਤੇ ਸਾਦਗੀ ਉਨ੍ਹਾਂ ਦੀ ਪਹਿਚਾਣ ਹੈ। ਵਡਿਆਈ ਦੇ ਬਾਵਜੂਦ ਉਹ ਧਰਤੀ ਨਾਲ ਜੁੜੇ ਰਹਿੰਦੇ ਨੇ, ਹੰਕਾਰ ਨੂੰ ਕਦੇ ਓਹ ਕੋਲ ਨਹੀਂ ਆਉਣ ਦਿੰਦੇ। ਹਰ ਇੱਕ ਨੂੰ ਖੁੱਲ੍ਹੀ ਮੁਸਕਾਨ ਨਾਲ ਮਿਲਣਾ ਉਨ੍ਹਾਂ ਦੀ ਆਦਤ ਨਹੀਂ, ਸਗੋਂ ਫਿਤਰਤ ਹੈ। ਉਨ੍ਹਾਂ ਦੇ ਜੀਵਨ ਸਾਥੀ ਹਰਮੋਹਨ ਸਿੰਘ ਜੀ ਇੱਕ ਪੜ੍ਹੇ ਲਿਖੇ, ਨਿਮਰ ਤੇ ਕਿਰਤ ਕਰਨ ਵਾਲੇ ਬਹੁਤ ਪਿਆਰੇ ਇਨਸਾਨ ਹਨ। ਉਨ੍ਹਾਂ ਦੀ ਇੱਕ ਲਾਇਕ ਧੀ ਵੀ ਹੈ, ਜਿਸਦਾ ਬਹੁਤ ਪਿਆਰਾ ਨਾਮ ਸੁਕ੍ਰਿਤੀ ਹੈ। ਜੋ ਆਪਣੀ ਮਾਂ ਵਾਂਗ ਹੀ ਇੱਕ ਨਿੱਖਰੀ ਹੋਈ ਸ਼ਖ਼ਸੀਅਤ ਰੱਖਦੀ ਹੈ। ਇਹਨਾਂ ਦੇ ਜਵਾਈ ਅਭੀਨਵ ਸਿੰਘ ਪਲਾਹੀ, ਮਸ਼ਹੂਰ ਕਹਾਣੀਕਾਰ ਅਤੇ ਸਮਾਜ ਸੇਵੀ ਸ: ਗੁਰਮੀਤ ਸਿੰਘ ਪਲਾਹੀ ਦੇ ਬੇਟੇ ਹਨ। ਆਸ਼ਾ ਸ਼ਰਮਾ ਜੀ ਆਪਣੇ ਜਵਾਈ ਤੇ ਕੁੜਮ, ਪਲਾਹੀ ਪਰਿਵਾਰ ਦੀਆਂ ਸਿਫ਼ਤਾਂ ਕਰਦੇ ਨਹੀਂ ਥੱਕਦੇ। ਆਸ਼ਾ ਸ਼ਰਮਾ ਜੀ ਦਾ ਆਪਣੇ ਦੋਵੇਂ ਦੋਹਤਿਆਂ ਨਾਲ ਵੱਖਰਾ ਹੀ ਪਿਆਰ ਹੈ।

ਆਸ਼ਾ ਸ਼ਰਮਾ ਆਪਣੇ ਪਿਤਾ ਸਵ: ਮਾਸਟਰ ਸਰੂਪ ਸਿੰਘ ਜੀ ਨੂੰ ਆਪਣਾ ਅਦਰਸ਼ ਮੰਨਦੇ ਹਨ 'ਤੇ ਉਹ ਅਦਰਸ਼ ਜੋ ਉਨ੍ਹਾਂ ਦੀ ਸੋਚ, ਕਿਰਦਾਰ ਅਤੇ ਜੀਵਨ ਰਾਹ ਨੂੰ ਅੱਜ ਵੀ ਰੁਸ਼ਨਾ ਰਿਹਾ ਹੈ। ਆਸ਼ਾ ਸ਼ਰਮਾ ਨਾ ਸਿਰਫ ਸਟੇਜ ਤੇ ਰੇਡੀਓ ਦੀ ਆਵਾਜ਼ ਹਨ, ਸਗੋਂ ਪੰਜਾਬੀਅਤ ਦੀ ਮਿੱਠੀ ਮਹਿਕ ਹਨ, ਜੋ ਜਿੱਥੇ ਵੀ ਜਾਂਦੇ ਨੇ, ਸਭ ਨੂੰ ਆਪਣਾ ਬਣਾ ਲੈਂਦੇ ਹਨ, ਸਭ ਦੇ ਦਿਲਾਂ ਨੂੰ ਛੂਹ ਜਾਂਦੇ ਹਨ। ਦੁਆ ਹੈ ਕਿ ਸਾਡੀ ਭੈਣ ਆਸ਼ਾ ਸ਼ਰਮਾ ਲੰਮੀਆਂ ਉਮਰਾਂ ਮਾਣੇ ਤੇ ਇਸੇ ਤਰਾਂ ਪੰਜਾਬੀਅਤ ਦੀ ਮਹਿਕ ਖਿਲਾਰਦੀ ਰਹੇ।

# ਜਦੋਂ ਸੁਪਨੇ ਸੜਕਾਂ ਉੱਤੇ ਆ ਗਏ



ਮਨਮੀਤ ਕੱਕੜ
ਐੱਮ.ਬੀ.ਏ., ਐੱਮ.ਏ. (ਅੰਗਰੇਜ਼ੀ),
ਐੱਮ.ਏ. (ਭਾਸ਼ਾ ਵਿਗਿਆਨ)
ਮੋਹਾਲੀ, ਪੰਜਾਬ

ਕਿਸੇ ਵੀ ਦੇਸ਼ ਦੀ ਸਭ ਤੋਂ ਵੱਡੀ ਦੌਲਤ ਉਸ ਦੀਆਂ ਇਮਾਰਤਾਂ, ਸੜਕਾਂ ਜਾਂ ਬਜਟ ਨਹੀਂ ਹੁੰਦੇ। ਉਸਦੀ ਸਭ ਤੋਂ ਵੱਡੀ ਦੌਲਤ ਉਹ ਭਰੋਸਾ ਹੁੰਦਾ ਹੈ ਜੋ ਨੌਜਵਾਨ ਆਪਣੇ ਭਵਿੱਖ ਉੱਤੇ ਰੱਖਦੇ ਹਨ।

ਇੱਕ ਵਿਦਿਆਰਥੀ ਜਦੋਂ ਰਾਤਾਂ ਜਾਗ ਕੇ ਪੜ੍ਹਦਾ ਹੈ ਤਾਂ ਉਹ ਸਿਰਫ਼ ਪ੍ਰੀਖਿਆ ਦੀ ਤਿਆਰੀ ਨਹੀਂ ਕਰ ਰਿਹਾ ਹੁੰਦਾ। ਉਹ ਆਪਣੇ ਸੁਪਨਿਆਂ ਲਈ, ਆਪਣੇ ਪਰਿਵਾਰ ਦੀਆਂ ਉਮੀਦਾਂ ਲਈ ਅਤੇ ਇੱਕ ਬਿਹਤਰ ਜ਼ਿੰਦਗੀ ਲਈ ਲੜ ਰਿਹਾ ਹੁੰਦਾ ਹੈ। ਉਸਨੂੰ ਇਹ ਵਿਸ਼ਵਾਸ ਹੁੰਦਾ ਹੈ ਕਿ ਮਿਹਨਤ ਦਾ ਨਤੀਜਾ ਮਿਲੇਗਾ ਅਤੇ ਪ੍ਰਣਾਲੀ ਉਸ ਨਾਲ ਇਨਸਾਫ਼ ਕਰੇਗੀ।

ਪਰ ਜਦੋਂ ਪ੍ਰੀਖਿਆਵਾਂ ਨੂੰ ਲੈ ਕੇ ਲਗਾਤਾਰ ਵਿਵਾਦ ਖੜ੍ਹੇ ਹੋਣ, ਪਾਰਦਰਸ਼ਤਾ ਉੱਤੇ ਸਵਾਲ ਉੱਠਣ ਅਤੇ ਨੌਜਵਾਨਾਂ ਨੂੰ ਆਪਣੀ ਗੱਲ ਕਹਿਣ ਲਈ ਸੜਕਾਂ ਦਾ ਰੁਖ ਕਰਨਾ ਪਵੇ, ਤਾਂ ਸਭ ਤੋਂ ਵੱਡਾ ਨੁਕਸਾਨ ਕਿਸੇ ਸਰਕਾਰ ਜਾਂ ਕਿਸੇ ਅਧਿਕਾਰੀ ਦਾ ਨਹੀਂ ਹੁੰਦਾ। ਨੁਕਸਾਨ ਉਸ ਭਰੋਸੇ ਦਾ ਹੁੰਦਾ ਹੈ ਜਿਸ ਉੱਤੇ ਪੂਰੀ ਸਿੱਖਿਆ ਪ੍ਰਣਾਲੀ ਖੜ੍ਹੀ ਹੁੰਦੀ ਹੈ।

ਇਸ ਤਰ੍ਹਾਂ ਦੇ ਮੌਕਿਆਂ 'ਤੇ ਜੇ ਸਰਕਾਰ ਜਵਾਬਦੇਹੀ ਸਵੀਕਾਰ ਕਰਦੀ ਹੈ, ਤਾਂ ਇਹ ਲੋਕਤੰਤਰ ਲਈ ਇੱਕ ਚੰਗਾ ਸੰਕੇਤ ਮੰਨਿਆ ਜਾ ਸਕਦਾ ਹੈ। ਜਵਾਬਦੇਹੀ ਦਾ ਸਿਧਾਂਤ ਹੀ ਲੋਕਤੰਤਰ ਨੂੰ ਹੋਰ ਪ੍ਰਣਾਲੀਆਂ ਤੋਂ ਵੱਖਰਾ ਬਣਾਉਂਦਾ ਹੈ। ਪਰ ਜਵਾਬਦੇਹੀ ਦਾ ਅਸਲ ਮਤਲਬ ਸਿਰਫ਼ ਅਹੁਦਿਆਂ ਦੀ ਤਬਦੀਲੀ ਨਹੀਂ, ਸਗੋਂ ਪ੍ਰਣਾਲੀ ਵਿੱਚ ਉਹ ਸੁਧਾਰ ਲਿਆਉਣਾ ਹੈ ਜਿਸ ਨਾਲ ਭਵਿੱਖ ਵਿੱਚ ਅਜਿਹੀਆਂ ਸਥਿਤੀਆਂ ਪੈਦਾ ਹੀ ਨਾ ਹੋਣ।

ਭਾਰਤ ਦੁਨੀਆ ਦੇ ਸਭ ਤੋਂ ਨੌਜਵਾਨ ਦੇਸ਼ਾਂ ਵਿੱਚੋਂ ਇੱਕ ਹੈ। ਹਰ ਸਾਲ ਲੱਖਾਂ ਵਿਦਿਆਰਥੀ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਆਪਣੀ ਕਿਸਮਤ ਅਜ਼ਮਾਉਂਦੇ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਵਿਦਿਆਰਥੀ ਪਿੰਡਾਂ, ਛੋਟੇ ਸ਼ਹਿਰਾਂ ਅਤੇ ਆਰਥਿਕ ਤੌਰ 'ਤੇ ਸੀਮਤ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਲਈ ਇੱਕ ਨੌਕਰੀ ਸਿਰਫ਼ ਤਨਖਾਹ ਨਹੀਂ, ਸਗੋਂ ਪੂਰੇ ਪਰਿਵਾਰ ਦੀ ਜ਼ਿੰਦਗੀ ਬਦਲਣ ਦਾ ਮੌਕਾ ਹੁੰਦੀ ਹੈ।

ਇਸ ਲਈ ਜਦੋਂ ਨੌਜਵਾਨ ਆਪਣੀ ਆਵਾਜ਼ ਉਠਾਉਂਦੇ ਹਨ ਤਾਂ ਉਸਨੂੰ ਸਿਰਫ਼ ਵਿਰੋਧ ਜਾਂ ਰਾਜਨੀਤੀ ਦੀ ਨਜ਼ਰ ਨਾਲ ਨਹੀਂ ਦੇਖਣਾ ਚਾਹੀਦਾ। ਇਹ ਇੱਕ ਅਜਿਹੀ ਪੀੜ੍ਹੀ ਦੀ ਚਿੰਤਾ ਹੁੰਦੀ ਹੈ ਜੋ ਚਾਹੁੰਦੀ ਹੈ ਕਿ ਉਸਦੀ ਮਿਹਨਤ ਦਾ ਸਹੀ ਮੁੱਲ ਮਿਲੇ। ਉਹ ਕਿਸੇ ਖ਼ਾਸ ਰਿਆਇਤ ਦੀ ਮੰਗ ਨਹੀਂ ਕਰਦੀ; ਉਹ ਸਿਰਫ਼ ਇੱਕ ਨਿਰਪੱਖ ਮੌਕਾ ਮੰਗਦੀ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ ਪ੍ਰੀਖਿਆ ਪ੍ਰਣਾਲੀ ਨੂੰ ਹੋਰ ਮਜ਼ਬੂਤ, ਪਾਰਦਰਸ਼ੀ ਅਤੇ ਤਕਨਾਲੋਜੀ-ਆਧਾਰਿਤ ਬਣਾਇਆ ਜਾਵੇ। ਪੇਪਰ ਸੁਰੱਖਿਆ ਤੋਂ ਲੈ ਕੇ ਜਾਂਚ ਪ੍ਰਕਿਰਿਆ ਅਤੇ ਜਵਾਬਦੇਹੀ ਤੱਕ ਹਰ ਪੜਾਅ ਉੱਤੇ ਲੋਕਾਂ ਦਾ ਭਰੋਸਾ ਬਣਨਾ ਚਾਹੀਦਾ ਹੈ। ਜੇ ਕਿਸੇ ਵੀ ਪੱਧਰ 'ਤੇ ਲਾਪਰਵਾਹੀ ਸਾਹਮਣੇ ਆਉਂਦੀ ਹੈ ਤਾਂ ਕਾਰਵਾਈ ਵੀ ਉਸੇ ਤੇਜ਼ੀ ਨਾਲ ਦਿਖਾਈ ਦੇਣੀ ਚਾਹੀਦੀ ਹੈ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਨੌਜਵਾਨਾਂ ਦਾ ਗੁੱਸਾ ਦੇਸ਼ ਦੀ ਕਮਜ਼ੋਰੀ ਨਹੀਂ, ਸਗੋਂ ਉਸਦੀ ਜਾਗਰੂਕਤਾ ਦੀ ਨਿਸ਼ਾਨੀ ਹੈ। ਜਿਹੜਾ ਸਮਾਜ ਸਵਾਲ ਪੁੱਛਣਾ ਛੱਡ ਦਿੰਦਾ ਹੈ, ਉਹ ਹੌਲੀ-ਹੌਲੀ ਤਰੱਕੀ ਕਰਨੀ ਵੀ ਛੱਡ ਦਿੰਦਾ ਹੈ। ਪਰ ਜਿੱਥੇ ਸਵਾਲ ਪੁੱਛੇ ਜਾਂਦੇ ਹਨ ਅਤੇ ਉਨ੍ਹਾਂ ਦੇ ਜਵਾਬ ਵੀ ਦਿੱਤੇ ਜਾਂਦੇ ਹਨ, ਉੱਥੇ ਲੋਕਤੰਤਰ ਹੋਰ ਮਜ਼ਬੂਤ ਬਣਦਾ ਹੈ।

ਅਖ਼ੀਰ ਵਿੱਚ ਗੱਲ ਕਿਸੇ ਇੱਕ ਘਟਨਾ ਦੀ ਨਹੀਂ। ਗੱਲ ਉਸ ਭਰੋਸੇ ਦੀ ਹੈ ਜੋ ਹਰ ਸਵੇਰ ਲੱਖਾਂ ਵਿਦਿਆਰਥੀਆਂ ਨੂੰ ਕਿਤਾਬ ਖੋਲ੍ਹਣ ਲਈ ਪ੍ਰੇਰਿਤ ਕਰਦਾ ਹੈ। ਉਸ ਭਰੋਸੇ ਦੀ ਰੱਖਿਆ ਕਰਨਾ ਸਿਰਫ਼ ਸਰਕਾਰ ਦੀ ਹੀ ਨਹੀਂ, ਸਗੋਂ ਪੂਰੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਕਿਉਂਕਿ ਜਦੋਂ ਨੌਜਵਾਨਾਂ ਦਾ ਭਰੋਸਾ ਮਜ਼ਬੂਤ ਹੁੰਦਾ ਹੈ, ਤਦੋਂ ਹੀ ਕਿਸੇ ਦੇਸ਼ ਦਾ ਭਵਿੱਖ ਵੀ ਮਜ਼ਬੂਤ ਹੁੰਦਾ ਹੈ।

## facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਕਦ ਮੁੱਕੇਗਾ ਝੂਠੇ ਪੁਲਿਸ ਮੁਕਾਬਲਿਆਂ ਦਾ ਇਹ ਖ਼ੂਨੀ ਸਿਲਸਿਲਾ?

ਝੂਠੇ ਪੁਲਿਸ ਮੁਕਾਬਲਿਆਂ ਦਾ ਮਸਲਾ ਅੱਜ ਤੋਂ ਹੀ ਨਹੀਂ, ਮੇਰੀ ਹਿਸਾਬ ਨਾਲ 1970-71 ਤੋਂ ਹੀ ਗਹਿਰੀ ਲੋਕ ਚਰਚਾ ਦਾ ਵਿਸ਼ਾ ਬਣਿਆ ਆ ਰਿਹਾ ਹੈ, ਨਕਸਲੀ ਲਹਿਰ ਦੇ ਵੇਲੇ ਤੋਂ ਸ਼ੁਰੂ ਹੋਇਆ ਇਹ ਸਿਲਸਿਲਾ,ਅੱਜ ਤੀਕ ਬਹੁਤ ਹੀ ਸੰਭਾਲ ਹੇਠ ਚਲਦਾ ਆ ਰਿਹਾ ਹੈ, ਉਸ ਸਮੇਂ ਤੋਂ ਅੱਜ ਤੀਕ ਪੰਜਾਬ ਦੀ ਸ਼ਾਇਦ ਹੀ ਕੋਈ ਅਜਿਹੀ ਸਰਕਾਰ ਹੋਵੇ ਜਿਸਨੇ ਝੂਠੇ ਪੁਲਿਸ ਮੁਕਾਬਲਿਆਂ ਦੇ ਇਸ ਪੂਰੀ ਤਰ੍ਹਾਂ ਗ਼ੈਰ ਕਾਨੂੰਨੀ ਤੇ ਅਣਮਨੁੱਖੀ ਹਥਿਆਰ ਨੂੰ ਆਪਣੇ ਸਮੇਂ ਦੀ ਕਿਸੇ ਲਹਿਰ ਜਾਂ ਹੋਰ ਗ਼ੈਰ ਸਮਾਜੀ ਅਨਸਰਾਂ ਦੇ ਖਾਤਮੇ ਲਈ ਨਾ ਵਰਤਿਆ ਹੋਵੇ

ਪੰਜਾਬ ਵਿੱਚ ਪੁਲਿਸ ਮੁਕਾਬਲਿਆਂ ਦੀ ਇਹ ਕਲੰਕਿਤ ਤੇ ਖ਼ੂਨੀ ਪਿਰਤ ਸ਼ੁਰੂ ਕਰਨ ਦਾ ਇਹ ਸਿਹਰਾ ਉਸ ਸਮੇਂ ਦੀ ਅਕਾਲੀ ਸਰਕਾਰ ਤੇ ਉਸਦੇ ਮੁੱਖ ਮੰਤਰੀ ਵੱਡੇ ਬਾਦਲ ਦੇ ਸਿਰ ਬੱਝਦਾ ਹੈ, ਉਸ ਸਮੇਂ ਚੱਲ ਰਹੀ ਨਕਸਲੀ ਲਹਿਰ ਨੂੰ ਖ਼ੂਨ ਵਿੱਚ ਡੋਬਣ ਲਈ ਬਾਦਲ ਸਰਕਾਰ ਨੇ ਸਾਰੇ ਕਾਇਦੇ ਕਾਨੂੰਨ ਪਰ੍ਹਾਂ ਵਗਾਹ ਮਾਰੇ,ਅਸ਼ਵਨੀ ਕੁਮਾਰ ਦੀ ਅਗਵਾਈ ਵਿੱਚ ਪੁਲਿਸ ਨੂੰ ਖੁੱਲੀਆਂ ਛੁੱਟੀਆਂ ਦੇ ਦਿੱਤੀਆਂ ਗਈਆਂ, ਜਿਸ ਦੇ ਮਰਜ਼ੀ ਚੱਡੇ ਪਾੜੋ, ਜੀਪਾਂ ਪਿੱਛੇ ਬੰਨਕੇ ਘੜੀਸੋ, ਘਲਾੜੀਆਂ ਚ ਬਾਹਾਂ ਦਿ-, ਅੱਖਾਂ ਕੱਢੋ, ਤੇ ਫਿਰ ਕਹਿ ਦਿ-, ਉਹ ਫਲਾਨੇ ਪੁੱਲ ਤੇ ਫਲਾਨੇ ਮੋੜ ਤੇ ਪੁਲਿਸ ਨਾਲ ਮੁਕਾਬਲੇ ਚ ਮਾਰਿਆ ਗਿਆ, ਬਾਬਾ ਬੂਝਾ ਸਿੰਘ ਜਿਹੇ 80 ਸਾਲ ਦੇ ਗ਼ਦਰੀ ਬਾਬੇ ਤੇ ਦੇਸ਼ ਭਗਤ ਵੀ ਇਨ੍ਹਾਂ ਨਹੀਂ ਬਖ਼ਸ਼ੇ, ਸਾਬਕਾ ਜਸਟਿਸ ਸ਼੍ਰੀ ਵੀ ਐਮ ਤਾਰਕੁੰਡੇ ਦੀ ਅਗਵਾਈ ਵਿੱਚ ਗਠਿਤ ਮਨੁੱਖੀ ਅਧਿਕਾਰ ਕਮਿਸ਼ਨ ਨੇ ਬਾਦਲ ਤੇ ਅਕਾਲੀ ਰਾਜ ਵਿੱਚ ਹੋਏ ਇਹ ਝੂਠੇ ਪੁਲਿਸ ਮੁਕਾਬਲਿਆਂ ਦੀ ਪੂਰੀ ਲਿਸਟ ਜਾਰੀ ਕੀਤੀ ਹੈ

ਪੰਜਾਬ ਦੇ ਪਿੱਛਲੇ ਕਾਲੇ ਦੌਰ ਵਿੱਚ ਗਵਰਨਰੀ ਰਾਜ ਤੇ ਬੇਅੰਤ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਝੂਠੇ ਪੁਲਿਸ ਮੁਕਾਬਲਿਆਂ ਦੇ ਖ਼ੂਨੀ ਹਥਿਆਰ ਦੀ ਕਿੰਜ ਬੇ-ਦਰੇਗ ਤੇ ਅੰਨ੍ਹੀ ਵਰਤੋਂ ਕੀਤੀ ਹੈ, ਉਹ ਕਿਸ ਤੋਂ ਗੁੱਝੀ ਹੈ, ਹੋਰ ਤਾਂ ਹੋਰ ਉਹਨਾਂ ਨੇ ਤਾਂ ਇਹ ਖ਼ੂਨੀ ਕਾਰਿਆਂ ਨੂੰ ਦੁਨੀਆ ਸਾਹਮਣੇ ਲਿਆਉਣ ਵੇਲੇ ਸ਼ਹੀਦ ਜਸ਼ਵੰਤ ਸਿੰਘ ਖ਼ਾਲੜਾ ਜਿਹੇ ਮਨੁੱਖੀ ਅਧਿਕਾਰਾਂ ਦੇ ਰਾਖੇ ਇਨਸਾਨ ਨੂੰ ਵੀ ਨਹੀਂ ਬਖਸ਼ਿਆ, ਸਤਲੁਜ ਫ਼ਿਲਮ ਨੇ ਉਸ ਭਿਆਨਕ ਦੌਰ ਦੇ ਦੁਖਾਂਤ,ਦਰਦ ਤੇ ਪੀੜ ਨੂੰ ਮੁੜ ਜਗਾ ਦਿੱਤਾ ਹੈ ਤੇ ਟਸਕਣ ਲਾ ਦਿੱਤਾ ਹੈ। ਉਦੋਂ ਹੀ ਨਹੀਂ, ਝੂਠੇ ਪੁਲਿਸ ਮੁਕਾਬਲਿਆਂ ਦਾ ਘਿਨਾਉਣਾ ਸਿਲਸਿਲਾ ਭਗਵੰਤ ਮਾਨ ਦੀ ਮੌਜੂਦਾ ਆਪ ਸਰਕਾਰ ਵਿੱਚ ਵੀ ਬਾ ਦਸਤੂਰ ਜਾਰੀ ਹੈ, ਇਸ ਤੋਂ ਕੀ ਨਤੀਜਾ ਨਿੱਕਲਦਾ ਹੈ? ਨਤੀਜਾ ਬਿਲਕੁਲ ਸਾਫ਼ ਤੇ ਸਪੱਸ਼ਟ, ਅਗਾਂਹ ਨੂੰ ਵੀ ਪੰਜਾਬ ਵਿੱਚ ਜੋ ਮਰਜ਼ੀ ਸਰਕਾਰ ਆ ਜਾਵੇ, ਕੀ ਬਾਦਲ, ਕੀ ਕਾਂਗਰਸ, ਕੀ ਭਾਜਪਾ, ਕੀ ਅੰਮ੍ਰਿਤ ਪਾਲ ਸਿੰਘ ਵਾਲੀ ਜਾਂ ਇਹੀ ਆਪ ਫਿਰ ਆ ਜਾਵੇ, ਇਹ ਝੂਠੇ ਪੁਲਿਸ ਮੁਕਾਬਲਿਆਂ ਤੇ ਪੁਲਿਸ ਨੂੰ ਖੁੱਲੀਆਂ ਛੁੱਟੀਆਂ ਵਾਲਾ ਇਹ ਗ਼ੈਰ ਕਾਨੂੰਨੀ, ਮੱਧ ਯੁਗੀ ਤੇ ਖ਼ੂਨੀ ਸਿਲਸਿਲਾ ਬਾ ਦਸਤੂਰ ਚਲਦਾ ਰਹੇਗਾ, ਕੋਈ ਪਾਰਟੀ ਦੂਜੀ ਪਾਰਟੀ ਦੀ ਇਸ ਮਸਲੇ ਤੇ ਅੱਜ ਭਾਵੇਂ ਜਿੰਨੀ ਮਰਜ਼ੀ ਅਲੋਚਨਾ ਕਰ ਲਵੇ, ਪਰ ਆਪਣੇ ਵੇਲੇ ਇਹਨਾਂ ਨੇ ਲੋੜ ਪੈਣ ਤੇ ਇਹੀ ਹਥਿਆਰ ਵਰਤਣਾ, ਇਸ ਨੂੰ ਵਰਤਣ ਵੇਲੇ ਵੀ ਉਹੀ ਪੁਰਾਣੀ ਘਸੀ ਪਿਟੀ ਦਲੀਲ ਹੋਵੇਗੀ, ਗ਼ਲਤ ਅਨਸਰਾਂ ਨੂੰ ਕਾਬੂ ਕਰਨ ਲਈ ਅਜਿਹਾ ਕਰਨਾ ਬਹੁਤ ਜਰੂਰੀ ਹੈ, ਸਖ਼ਤੀ ਤੋਂ ਬਿਨਾਂ ਅਮਨ ਕਾਨੂੰਨ ਕਿੰਜ ਕਾਇਮ ਰਹਿ ਸਕਦਾ? ਆਮ ਲੋਕਾਂ ਦੀ ਜਾਨ ਮਾਲ ਦੀ ਰਾਖੀ ਲਈ ਸਖ਼ਤ ਕਦਮ ਉਠਾਉਣੇ ਸਮਾਜ ਤੇ ਦੇਸ਼ ਦੇ ਹਿੱਤ ਵਿੱਚ ਹਨ,ਤੁਹਾਨੂੰ ਯਾਦ ਹੋਵੇਗਾ ਕਿ ਅੱਜ ਪੁਲਿਸ ਮੁਕਾਬਲਿਆਂ ਦਾ ਡੱਟ ਕੇ ਵਿਰੋਧ ਕਰਨ ਵਾਲਾ ਸਰਦਾਰ ਸਿਮਰਨਜੀਤ ਸਿੰਘ ਮਾਨ, ਜਦੋਂ ਬਾਦਲ ਸਰਕਾਰ ਵੇਲੇ ਫਰੀਦਕੋਟ ਜ਼ਿਲ੍ਹੇ ਦਾ ਐਸ ਐਸ ਪੀ ਸੀ ਤਾਂ ਉਸਨੇ ਖ਼ੁਦ ਸਰਾਏ ਨਾਗਾ ਵਿੱਚ ਨਿਹੰਗ ਸਿੰਘਾਂ ਨੂੰ ਅਜਿਹੇ ਹੀ ਨਾਮ ਨਿਹਾਦ ਪੁਲਿਸ ਮੁਕਾਬਲੇ ਵਿੱਚ ਮਾਰਿਆ ਸੀ। ਪਿੱਛਲਾ ਤਜਰਬਾ ਦੱਸਦਾ ਹੈ, ਅਜਿਹੇ ਮੌਕਿਆਂ ਤੇ ਅਦਾਲਤਾਂ ਵੀ ਅਕਸਰ ਚੁੱਪ ਵੱਟ ਜਾਂਦੀਆਂ ਹਨ, ਉਹਨਾਂ ਦੀ ਵੀ ਨੀਮ ਰਜਾਮੰਦੀ ਹੁੰਦੀ ਹੈ ਕਿ ਸਰਕਾਰ ਤੇ ਪੁਲਿਸ ਜੋ ਕਰ ਰਹੀ ਹੈ, ਜਨਤਕ ਹਿੱਤ ਲਈ ਕਰ ਰਹੀ ਹੈ, ਪਰ ਇਹ ਵੀ ਸੱਚ ਹੈ ਕਿ ਜਦੋਂ ਕੋਈ ਸਰਕਾਰ ਆਪਣਾ ਇਹ ਹਥਿਆਰ ਚੰਗੀ ਤਰ੍ਹਾਂ ਚਲਾ ਹੱਟਦੀ ਹੈ ਤਾਂ ਫਿਰ ਅਦਾਲਤਾਂ ਵੀ ਸਾਡੇ ਜ਼ਖਮਾਂ ਤੇ ਮੱਲਮ ਲਾਉਣ ਦੇ ਮਕਸਦ ਨਾਲ ਕੁੱਝ ਇਕ ਦੋਸ਼ੀਆਂ ਨੂੰ ਝੱਟਕ ਵੀ ਦਿੰਦੀਆਂ ਹਨ ਤੇ ਸਾਨੂੰ ਲੱਗਦਾ ਹੈ, ਦੇਰ ਨਾਲ ਸਹੀ, ਥੋੜ੍ਹਾ ਸਹੀ, ਪਰ ਆਖ਼ਿਰ ਨੂੰ ਕਿਤੋਂ ਕੁੱਝ ਇਨਸਾਫ਼ ਤਾਂ ਮਿਲਿਆ ਹੈ

ਹੁਣ ਤੀਕ ਦਾ ਇਹ ਅਮਲ, ਤਜ਼ਰਬਾ ਸਾਨੂੰ ਖ਼ਬਰਦਾਰ ਕਰਦਾ ਹੈ, ਇਨ੍ਹਾਂ ਸਰਕਾਰਾਂ ਤੋਂ ਇਹ ਆਸ ਨਾ ਰੱਖੋ, ਇਨ੍ਹਾਂ ਚੋਂ ਕੋਈ ਵੀ ਤੁਹਾਡੇ ਨਾਲ ਕਦੇ ਢਿਲ ਕਰੇਗਾ, ਪੁਲਿਸ ਨੂੰ ਖੁੱਲੀਆਂ ਛੁੱਟੀਆਂ ਨਹੀਂ ਦੇਵੇਗਾ, ਇਹ ਸਰਕਾਰਾਂ ਉਦੋਂ ਤੀਕ ਹੀ ਨਰਮ ਤੇ ਸਾਊ ਦਿਖਾਈ ਦਿੰਦਿਆਂ ਹਨ, ਜਦ ਤੀਕ ਲੋਕ ਇਹਨਾਂ ਦੀ ਹਰ ਵਧੀਕੀ ਜਾਂ ਬੇਇਨਸਾਫ਼ੀ ਸਾਊ ਪੁੱਤ ਬਣ ਕੇ ਜਾਂ ਆਗਿਆਕਾਰੀ ਸ਼ਹਿਰੀ ਬਣ ਕੇ ਸਹਿੰਦੇ ਰਹਿੰਦੇ ਹਨ, ਜਿਸ ਦਿਨ ਵੀ ਅਸੀਂ ਤੁਸੀਂ ਆਪਣੇ ਕਿਸੇ ਮੰਗ ਮਸਲੇ ਨੂੰ ਲੈ ਕੇ ਇਹਨਾਂ ਦੀ ਖਿੱਚੀ ਲਛਮਣ ਰੇਖਾ ਪਾਰ ਕਰਨ ਦੀ ਗੁਸਤਾਖੀ ਕੀਤੀ, ਇਹਨਾਂ ਦੀ ਕਿਸੇ ਦੁਖਦੀ ਰਗ ਤੇ ਹੱਥ ਰੱਖਿਆ ਤਾਂ ਸਮਝੋ, ਇਹਨਾਂ ਦੀ ਸਹਿਨਸ਼ੀਲਤਾ ਤੇ ਜਮੂਹਰੀਅਤ ਗਾਇਬ, ਕਾਇਦੇ ਕਾਨੂੰਨ ਪੈਣ ਢੱਠੇ ਖੂਹ, ਫਿਰ ਕੁੱਝ ਵੀ ਵਾਪਰ ਸਕਦਾ, ਜਰੂਰੀ ਨਹੀਂ ਕਿ ਝੂਠਾ ਪੁਲਿਸ ਮੁਕਾਬਲਾ ਸਿਰਫ਼ ਉਹਨਾਂ ਲੋਕਾਂ ਦਾ ਹੀ ਹੋਵੇਗਾ, ਜਿਨ੍ਹਾਂ ਹਥਿਆਰ ਚੁੱਕੇ ਹਨ, ਜੋ ਪੁਲਿਸ ਦਾ ਮੁਕਾਬਲਾ ਕਰਦੇ ਹਨ,ਜਿਨ੍ਹਾਂ ਨੂੰ ਇਹ ਗੈਂਗ ਸਟਰ, ਅੱਤਵਾਦੀ ਜਾਂ ਦਹਿਸ਼ਤ ਗਰਦ ਕਹਿੰਦੇ ਹਨ ਇਹ ਹੋਣੀ ਸ਼ਹੀਦ ਜਸਵੰਤ ਸਿੰਘ ਖ਼ਾਲੜਾ ਜਿਹੇ ਕਿਸੇ ਜਮਹੂਰੀ ਅਧਿਕਾਰਾਂ ਦੇ ਰਾਖੇ ਕਿਸੇ ਬੁੱਧੀਜੀਵੀ ਜਾਂ ਮਨੁੱਖੀ ਦਰਦੀ ਦੀ ਵੀ ਹੋ ਸਕਦੀ ਹੈ, ਆਮ ਲੋਕਾਂ ਦੀ ਵੀ ਹੋ ਸਕਦੀ ਹੈ!

ਇਸ ਲਈ ਲੋੜ ਹੈ ਅਸੀਂ ਹਰ ਸਿਆਸੀ ਪਾਰਟੀ ਤੋਂ ਪੁੱਛੀਏ ਕਿ ਇਹਨਾਂ ਪੁਲਿਸ ਮੁਕਾਬਲਿਆਂ ਬਾਰੇ ਉਹਨਾਂ ਦੀ ਕੀ ਸਮਝ ਹੈ, ਉਹ ਇਨ੍ਹਾਂ ਨੂੰ ਕਿਵੇਂ ਰੋਕਣਗੇ, ਇਸ ਨੂੰ ਖ਼ਤਮ ਕਰਨ ਲਈ ਕੀ ਕਦਮ ਚੁੱਕਣਗੇ, ਕੀ ਕਾਨੂੰਨੀ ਉਪਾਹ ਕਰਨਗੇ, ਕਿਉਂਕਿ ਪੁਲਿਸ ਤਾਂ ਇਹਨਾਂ ਦਾ ਇੱਕ ਸੰਦ ਹੈ, ਉਹ ਤਾਂ ਉਹੀ ਕਰੇਗੀ ਜਿਸ ਤਰ੍ਹਾਂ ਇਹ ਹਾਕਮ ਉਸ ਨੂੰ ਕਰਨ ਲਈ ਕਹਿਣਗੇ, ਝੂਠੇ ਮੁਕਾਬਲਿਆਂ ਦੇ ਅਸਲੀ ਦੋਸ਼ੀ ਤੇ ਜੁੰਮੇਵਾਰ ਤਾਂ ਇਹ ਸਰਕਾਰਾਂ ਤੇ ਹਾਕਮ ਹਨ,ਜਿਹੜੇ ਕਿਸੇ ਵੀ ਸਮੱਸਿਆ ਨੂੰ ਸਮੇਂ ਸਿਰ ਹੱਲ ਨੀ ਕਰਦੇ, ਪਹਿਲਾਂ ਇਸ ਨੂੰ ਵੱਧਣ ਫੁਲਣ ਤੇ ਵਿਗੜਣ ਦਿੰਦੇ ਹਨ ਤੇ ਫਿਰ ਜਦ ਇਹ ਮਸਲਾ ਵਿਤੋਂ ਬਾਹਰ ਹੋ ਜਾਂਦਾ ਹੈ, ਅਮਨ ਕਾਨੂੰਨ ਦੀ ਸਮੱਸਿਆ ਕਹਿ ਪੁਲਿਸ ਦੇ ਹਵਾਲੇ ਕਰ ਦਿੰਦੇ ਹਨ

**(ਨਰਿੰਦਰ ਚਾਹਲ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ )**




# ਤੁਹਾਡੇ ਮਾਪਿਆਂ ਦਾ ਘਰ ਸਭ ਸੋਚਾਂ ਤੋਂ ਪਾਰ ਪਾਸਾ ਥੱਲਣ ਲਈ ਹੈ

**ਜਿੱਥੇ ਸੁਪਨੇ ਕਈ ਸਜਾਏ ਸੀ**
**ਅੱਜ ਆਪੂੰ ਸੁਪਨਾ ਬਣ ਗਿਆ ਅੰਮੜੀ ਦਾ ਵਿਹੜਾ ।**
**(ਪ੍ਰੋ. ਮੋਹਨ ਸਿੰਘ)**

ਪ੍ਰਿੰਸੀਪਲ ਤੇਜਾ ਸਿੰਘ ਨੇ ਘਰ ਸ਼ਬਦ ਦੇ ਅਰਥ ਬਹੁਤ ਗੰਭੀਰ ਅਤੇ ਵਧੀਆ ਲਿਖ ਕੇ ਬਾਹਰੀ ਦਿੱਖ ਦੀ ਥਾਂ ਘਰ ਨਾਲ਼ ਸੰਬੰਧਾਂ ਦੀ ਗੱਲ ਤੋਰੀ ਹੈ। ਘਰ ਕੰਧਾਂ ਜਾਂ ਛੱਤਾਂ ਨੂੰ ਹੀ ਨਹੀਂ ਮੰਨਿਆਂ ਜਾਂਦਾ ਸਗੋਂ ਉਹ ਸਭ ਕੰਧਾਂ ਸਾਡੇ ਹੌਕਿਆਂ, ਸੰਸਿਆਂ ਅਤੇ ਸੁਪਨਿਆਂ ਦੀ ਗਵਾਹੀ ਭਰਦਾ ਥਾਂ ਹੁੰਦਾ ਹੈ। ਸਭ ਲੋਕ ਹੀ, ਖਾਸ ਕਰ ਕੇ ਧਰਤੀ ਨਾਲ਼ ਜੁੜੇ ਪੰਜਾਬੀ, ਬਗਾਨੇ ਥਾਂ 'ਤੇ ਆ ਕੇ ਵੀ ਆਪਣੀ ਮੇਰ ਪਾਲਣ ਲਈ ਘਰ ਨੂੰ ਹੀ ਪਹਿਲ ਦਿੰਦੇ ਹਨ। ਦੁਨੀਆਂ ਦੀ ਸਭ ਤੋਂ ਸੁਹਣੀ ਸੜਕ ਬਸ ਆਪਣੇ ਉਸ ਘਰ ਵੱਲ ਨੂੰ ਜਾਂਦੀ ਹੀ ਲਗਦੀ ਹੈ। ਪਿਛਲੇ ਕੁਝ ਅਰਸੇ ਤੋਂ ਅਸੀਂ ਬਿਗਾਨੀਆਂ ਧਰਤੀਆਂ 'ਤੇ ਆਰਥਿਕ ਦੌੜ ਦਾ ਹਿੱਸਾ ਬਣਦੇ ਘਰਾਂ ਵਿੱਚ ਵੰਨ-ਸੁਵੰਨੇ ਸਮਾਨ ਜੁਟਾ ਕੇ ਘਰਾਂ ਨੂੰ ਤਾਲੇ ਲਾ ਕੇ ਦਫ਼ਤਰਾਂ / ਕੰਮਾਂ ਨੂੰ ਜਾ ਨਿਕਲਦੇ ਹਾਂ। ਘਰ ਜਿਵੇਂ ਰਾਤ ਕੱਟਣ ਦਾ ਹੀ ਵਸੀਲਾ ਹੋਣ ਤੇ ਮਹਿੰਗੇ ਭਾਅ ਖ਼ਰੀਦੇ ਫ਼ਰਨੀਚਰ, ਭਾਂਡੇ ਤੇ ਹੋਰ ਲਕਾ-ਤੁਕਾ ਬਸ ਮਾਲਕਾਂ ਦੀ ਉਡੀਕ ਵਿੱਚ ਹੀ ਹੰਢ ਜਾਂਦੇ ਹਨ। ਸਾਡੀ ਉਮਰ ਵਿਹਾਜ ਜਾਂਦੀ ਹੈ।ਕੈਨੇਡਾ ਦੇ ਸਭ ਵਾਸੀ ਹੀ ਇਨ੍ਹਾਂ ਘਰਾਂ ਦੇ ਕਰਜ਼ਈ ਹਨ।ਕਿਸ਼ਤਾਂ ਭਰਦੇ ਕਿਸ਼ਤਾਂ ਵਿੱਚ ਹੀ ਜੂੰਨ ਹੰਢਾਉਂਦੇ ਨਜ਼ਰ ਆਉਂਦੇ ਹਨ। ਰਾਤ ਤੇ ਦਿਨ ਦੀ ਸ਼ਿਫ਼ਟ ਵਿੱਚ ਕੰਮ ਕਰਦੇ ਹਾਸੇ, ਰੋਣੇ, ਮਰਨੇ, ਪਰਨੇ ਸਭ ਇਸੇ ਕਿਸ਼ਤ ਅਧੀਨ ਹੀ ਨਿਭਾਉਂਦੇ ਹਨ। ਸਭ ਦੀ ਜ਼ਿੰਦਗੀ ਇਸੇ ਭੱਜ ਦੌੜ ਵਿੱਚ ਜ਼ਰਬ-ਤਕਸੀਮ ਹੁੰਦੀ ਆਪੋ ਆਪਣੇ ਵਿਤ ਅਨੁਸਾਰ ਨਿਭਦੀ ਹੈ। ਇਉਂ ਲਗਦਾ ਹੈ ਨਾ ਰੱਜ ਕੇ ਰੋਣ ਦਾ ਸਮਾਂ ਹੈ ਤੇ ਨਾ ਹੀ ਰੱਜ ਕੇ ਹੱਸਣ ਦਾ ਰੱਜ ਮਿਲਦਾ ਹੈ। ਕਿਸੇ ਘਰੋਂ ਆਏ ਸੱਦੇ 'ਤੇ ਸਭ ਕਿਸੇ ਸਮੇਂ ਲਈ ਛੁੱਟੀ ਸਮੇਂ ਆ ਜੁੜਦੇ, ਉਪਰੋਂ ਹਸਦੇ, ਅੰਦਰੋਂ ਝੂਰਦੇ, ਖਿਝਦੇ, ਹੋਰਨਾਂ ਦੀਆਂ ਪ੍ਰਾਪਤੀਆਂ ਨਾਲ਼ ਆਪਣੇ ਆਪ ਨੂੰ ਤੋਲਦੇ ਫੇਰ ਉਸੇ ਕੋਹਲੂ-ਗੇੜ ਦੇ ਬੈਲ ਵਾਂਗ ਚੱਕਰ ਵਿੱਚ ਜਾ ਜੁੜਦੇ ਹਨ। ਪਰ ਇਨ੍ਹਾਂ ਸਭ ਸੋਚਾਂ ਤੋਂ ਪਾਰ ਪਾਸਾ ਥੱਲਣ ਲਈ ਇੱਕ ਘਰ ਹੈ, ਤੁਹਾਡੇ ਮਾਪਿਆਂ ਦਾ ਘਰ, ਜੋ ਇਸ ਭੱਜ-ਦੌੜ ਤੋਂ ਵੱਖਰ ਕੇ ਆਫਰੀਆਂ ਰੀਝਾਂ ਅਤੇ ਲੂਹਰੀਆਂ ਨਾਲ਼ ਉਮਰ ਦੀ ਸ਼ਾਮ ਹੰਢਾ ਰਹੇ ਹਨ। ਇਹ ਸਾਡਾ ਅਜਿਹਾ ਘਰ ਹੁੰਦਾ ਹੈ, ਜਿੱਥੇ ਕਦੇ ਵੀ ਨਿਰਉਚੇਚ ਕਈ ਵਾਰ ਜਾਇਆ ਜਾ ਸਕਦਾ ਹੈ,ਘਰ ਬੰਦ ਹੋਵੇ ਹੱਕ ਨਾਲ਼ ਖੋਲ੍ਹਿਆ ਜਾ ਸਕਦਾ ਹੈ। ਇਸ ਘਰ ਦੀਆਂ ਕੰਧਾਂ ਨੇ ਸਾਡੇ ਬਚਪਨ ਨੂੰ ਦੁਲਾਰਿਆ, ਸੰਵਾਰਿਆ ਤੇ ਉਸਾਰਿਆ ਹੁੰਦਾ ਹੈ। ਮਾਪਿਆਂ ਨੇ ਆਪਣੇ ਮੂੰਹ ਨੂੰ ਜਾਂਦੀ ਬੁਰਕੀ ਸਾਡੇ ਵੱਲ ਨੂੰ ਕੀਤੀ ਹੁੰਦੀ ਹੈ। ਸਾਡੀਆਂ ਸਭ ਖ਼ੁਸ਼ੀ-ਗ਼ਮੀ ਦੀਆਂ ਯਾਦਾਂ ਅਤੇ ਭਵਿੱਖੀ ਸੁਪਨਿਆਂ ਦੀ ਵਿਉਂਤਬੰਦੀ ਕੀਤੀ ਹੁੰਦੀ ਹੈ।ਇਹ ਕੰਧਾਂ ਸਾਡੀ ਅੱਲ੍ਹੜ ਵਰੇਸ ਦੀ ਗਵਾਹੀ ਹਨ। ਹਰ ਸਮੇਂ ਸਾਡੀ ਉਡੀਕ ਕਰਦੇ ਮਾਪੇ ਬਾਹਾਂ ਖੋਲ੍ਹ ਕੇ ਮਿਲਦੇ ਹਨ। ਅਸੀਂ ਕਿੰਨੇ ਵੀ ਥੱਕੇ ਹਾਰੇ ਕਿਉਂ ਨਾ ਆਈਏ, ਇਸ ਦਹਿਲੀਜ਼ ਅੰਦਰ ਭਾਰ-ਮੁਕਤ ਹੋ ਜਾਂਦੇ ਹਾਂ। ਇਸ ਥਾਂ ਅਸੀਂ ਬਲ਼ਦੀਆਂ ਮੋਮਬੱਤੀਆਂ ਬੁਝਾ ਕੇ ਜਨਮਦਿਨ ਮਨਾਏ ਹਨ, ਆਏ ਮਿੱਤਰਾਂ ਦੇ ਹੱਥਾਂ ਵਿੱਚ ਫੜੇ ਹੋਏ ਤੋਹਫ਼ਿਆਂ ਨੂੰ ਲਲਚਾਈਆਂ ਨਜ਼ਰਾਂ ਵਾਲ਼ੀ ਕਾਹਲ਼ ਪਾਲ਼ੀ ਹੈ। ਨਿਰਉਚੇਚ ਹੋਏ ਵਿੱਚਰਦਿਆਂ ਏਥੇ ਠੰਢਾ ਤੱਤਾ ਸਮੋਂਦੇ ਲੰਘ ਚੱਲੇ ਸਾਲਾਂ ਨੂੰ ਉਸ ਸਮੇਂ ਨਹੀਂ ਗੌਲ਼ਦੇ, ਪਰ ਪਤਾ ਹੁਣ ਲਗਦਾ ਹੈ ਕਿ ਸ਼ੌਕ ਤਾਂ ਬਾਪੂ ਦੀ ਕਮਾਈ ਨਾਲ਼ ਹੀ ਪੂਰੇ ਹੁੰਦੇ ਰਹੇ ਹਨ। ਹੁਣ ਤਾਂ ਗਰਜ਼ਾਂ ਦੇ ਮੇਚ ਹੋ ਕੇ ਜਿਉਂਦੇ ਹਾਂ।ਬਾਪੂ ਨੇ ਹਜ਼ਾਰਾਂ ਵਿੱਚ ਕਮਾ ਕੇ ਲੱਖਾਂ ਸਾਡੇ ਲਈ ਜਾ ਧਰੇ ਪਰ ਅਸੀਂ ਲੱਖਾਂ ਕਮਾ ਕੇ ਵੀ ਹਜ਼ਾਰਾਂ ਬਾਪੂ ਲਈ ਨਹੀਂ ਜੁਟਾ ਰਹੇ। ਲੋੜ ਹੈ ਕਿ ਇਸ ਘਰ ਨੂੰ ਸਿਜਦਾ ਕਰਦੇ ਮਾਪਿਆਂ ਨੂੰ ਜ਼ਰੂਰ ਮਿਲਦੇ ਰਹੋ, ਇਸ ਤੋਂ ਪਹਿਲਾਂ ਕਿ ਇਹ ਘਰ ਯਾਦਾਂ ਦੇ ਨਕਸ਼ੇ ਤੱਕ ਹੀ ਸਿਮਟ ਜਾਵੇ। ਕਵੀ ਹਰਜਿੰਦਰ ਕੰਗ ਦਾ ਇਹ ਸ਼ੇਅਰ ਏਥੇ ਜ਼ਿਕਰਯੋਗ ਹੈ -

ਘਰ ਦਾ ਬੂਹਾ ਢੋਅ ਆਇਆ ਹਾਂ, ਦਰ 'ਤੇ ਬਹਿ ਕੇ ਰੋ ਆਇਆ ਹਾਂ।

ਖ਼ੁਸ਼ਕਿਸਮਤ ਹਨ ਉਹ ਲੋਕ ਜੋ ਮਾਪਿਆਂ ਦੇ ਹਮੇਸ਼ਾ ਖੁੱਲ੍ਹੇ ਦਰਾਂ ਅੰਦਰ ਆ ਜਾ ਸਕਦੇ ਹਨ। ਇੱਕ ਧੀ ਨੂੰ ਬਾਬਲ ਦਾ ਵਿਹੜਾ ਹਮੇਸ਼ਾ ਦੁਨੀਆਂ ਦਾ ਸਭ ਤੋਂ ਵਧੀਆ ਥਾਂ ਹੋ ਕੇ ਯਾਦ ਆਉਂਦਾ ਹੈ। ਉਸ ਦਰ 'ਤੇ ਜਦੋਂ ਉਹ ਜੁੱਤੀ ਉਤਾਰਦੀ ਹੈ, ਉਮਰ ਭਰ ਦਾ ਥਕੇਵਾਂ ਲਾਹ ਧਰਦੀ ਹੈ।ਵਿਦੇਸ਼ਾਂ ਵਿੱਚ ਰੋਟੀ ਪਕਾ ਰਹੇ ਲੜਕੇ ਮਾਂ ਦੇ ਹੱਥਾਂ ਦੀਆਂ ਪੱਕੀਆਂ ਖਾਣ ਨੂੰ ਤਰਸਦੇ ਦੇਖੇ ਹਨ - ਮੇਰਾ ਮਾਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ, ਖਾਣ ਨੂੰ ਬੜਾ ਈ ਜੀਅ ਕਰਦਾ -(ਮਲਕੀਤ ਸਿੰਘ)। ਕਿਹਾ ਜਾਂਦਾ ਹੈ ਕਿ ਸ਼੍ਰੀ ਗਣੇਸ਼ ਨੂੰ ਪ੍ਰਕ੍ਰਿਤੀ ਦੀ ਪ੍ਰਿਕਰਮਾ ਕਰਨ ਲਈ ਆਖਿਆ ਤਾਂ ਉਹ ਆਪਣੇ ਮਾਤਾ ਪਿਤਾ ਸ਼ਿਵ-ਪਾਰਬਤੀ ਦੀ ਪ੍ਰਿਕਰਮਾ ਕਰ ਕੇ ਆ ਗਿਆ ਕਿ ਹੋ ਗਿਆ ਪੂਰਾ ਚੱਕਰ। ਇਉਂ ਇਸ ਘਰ ਦੇ ਸ਼ੁਕਰਗੁਜ਼ਾਰ ਹੋ ਕੇ ਰਹੋ ਤਾਂ ਮਨ ਨੂੰ ਸਕੂਨ ਮਿਲੇਗਾ।

**ਸਫ਼ਰ ਅੰਦਰ ਮੁਸਾਫ਼ਰ ਦੇ ਕਈ ਡਰ ਨਾਲ਼ ਹੁੰਦੇ ਨੇ**
**ਘਰਾਂ ਤੋਂ ਦੂਰ ਹੋ ਕੇ ਵੀ ਕਈ ਘਰ ਨਾਲ਼ ਹੁੰਦੇ ਨੇ।**
**(ਬ. ਚੁਹਾਨ)**

# ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਕੈਲਗਰੀ ਵੱਲੋਂ ਕਰਵਾਇਆ ਗਿਆ ਤਿੰਨ ਦਿਨਾਂ 14ਵਾਂ ਹਾਕਸ ਗੋਲਡ ਕੱਪ 2026 ਸਫਲਤਾ ਪੂਰਵਕ ਨੇਪਰੇ ਚੜ੍ਹਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਕੈਲਗਰੀ ਵੱਲੋਂ 31 ਜੁਲਾਈ, 1 ਅਤੇ 2 ਅਗਸਤ 2026 ਨੂੰ ਯੂਨੀਵਰਸਿਟੀ ਆਫ ਕੈਲਗਰੀ ਦੇ ਹਾਕਿੰਗਜ਼ ਫੀਲਡ ਵਿਖੇ ਆਯੋਜਿਤ 14ਵਾਂ ਹਾਕਸ ਗੋਲਡ ਕੱਪ 2026 ਬੇਹੱਦ ਸਫਲਤਾ ਅਤੇ ਉਤਸ਼ਾਹ ਨਾਲ ਸੰਪੂਰਨ ਹੋਇਆ। ਇਸ ਤਿੰਨ ਰੋਜ਼ਾ ਟੂਰਨਾਮੈਂਟ ਵਿੱਚ ਕਨੇਡਾ ਦੇ ਵੱਖ-ਵੱਖ ਸ਼ਹਿਰਾਂ ਤੋਂ ਸੀਨੀਅਰ, ਮਾਸਟਰਜ਼ ਅਤੇ ਜੂਨੀਅਰ ਟੀਮਾਂ ਨੇ ਭਾਗ ਲਿਆ ਅਤੇ ਦਰਸ਼ਕਾਂ ਨੂੰ ਉੱਚ ਪੱਧਰੀ ਹਾਕੀ ਦੇ ਮੈਚਾਂ ਦਾ ਆਨੰਦ ਮਾਣਨ ਦਾ ਮੌਕਾ ਮਿਲਿਆ। ਟੂਰਨਾਮੈਂਟ ਦੇ ਨਤੀਜੇ ਇਸ ਪ੍ਰਕਾਰ ਰਹੇ। ਪੁਰਸ਼ (11-ਏ-ਸਾਈਡ) ਟੋਬਾ ਵਾਰੀਅਰਜ਼- ਐਡਮੰਟਨ ਟਾਈਟਨਜ਼। 45+ ਮਾਸਟਰਜ਼ ਵਿੱਚ ਪੰਜਾਬ ਸਪੋਰਟਸ ਕੈਲਗਰੀ ਪਹਿਲੇ ਨੰਬਰ ਤੇ ਅਤੇ ਯੂਨਾਈਟਡ ਕੈਲਗਰੀ ਹਾਕੀ ਕਲੱਬ ਦੂਜੇ ਨੰਬਰ ਤੇ ਰਹੀ। ਅੰਡਰ-14 ਦੇ ਨਤੀਜੇ ਦੌਰਾਨ ਪਹਿਲੇ ਨੰਬਰ ਉੱਪਰ ਵੂਲਵਰੀਨ ਐਬਸਟਫਰਡ ਅਤੇ ਪੰਜਾਬ ਸਪੋਰਟਸ ਕੈਲਗਰੀ ਨੂੰ ਦੂਜਾ ਸਥਾਨ ਮਿਲਿਆ। ਗਰਲਜ਼(ਲੜਕੀਆਂ) ਦੇ ਮੈਚ ਨੇ ਵੂਲਵਰੀਨ ਕੱਲਬ ਐਬਸਟਫਰਡ ਨੂੰ ਪਹਿਲਾ ਅਤੇ ਪੰਜਾਬ ਸਪੋਰਟਸ ਕਲੱਬ




ਕੈਲਗਰੀ ਨੂੰ ਦੂਜਾ ਸਥਾਨ ਦਿੱਤਾ। ਅੰਡਰ-12 ਲੜਕਿਆਂ ਦੇ ਮੈਚਾਂ ਦੇ ਨਤੀਜੇ ਪੰਜਾਬ ਸਪੋਰਟਸ ਕੈਲਗਰੀ ਪਹਿਲਾ ਅਤੇ ਵੂਲਵਰੀਨ ਕਲੱਬ ਐਬਸਟਫੋਰਡ ਨੂੰ ਦੂਜਾ ਸਥਾਨ ਦਿੰਦੇ ਹੋਏ ਘੋਸਿਤ ਕੀਤੇ ਗਏ। ਜਦੋਂ ਵਿਅਕਤੀਗਤ ਐਵਾਰਡ ਵੰਡ ਸਮਾਰੋਹ ਹੋਇਆ ਤਾਂ ਬਰਿੰਦਰ ਢੁੱਡੀਕੇ (ਬਾਬਾ) ਪੁਰਸ਼ ਵਰਗ ਦਾ ਸਰਵੋਤਮ ਖਿਡਾਰੀ ਬਣਿਆ। ਗੁਰਕਮਲ ਬਰਾੜ ਸਰਵੋਤਮ ਗੋਲਕੀਪਰ ਐਲਾਨਿਆ ਗਿਆ। ਗੁਰਪ੍ਰੀਤ ਸੱਗੂ 45+ ਮਾਸਟਰਜ਼ ਦਾ ਸਰਵੋਤਮ ਖਿਡਾਰੀ ਚੁਣਿਆ ਗਿਆ। ਆਰਵ ਪੁਰੀ ਅੰਡਰ-14 ਦਾ ਸਭ ਤੋਂ ਕੀਮਤੀ ਖਿਡਾਰੀ (ਐਮ ਵੀ ਪੀ)ਅਤੇ ਏਕਬੀਰ ਗਿੱਲ ਅੰਡਰ-12 ਦਾ ਸਭ ਤੋਂ ਕੀਮਤੀ ਖਿਡਾਰੀ (ਐਮ ਵੀ ਪੀ )ਚੁਣੇ ਗਏ। ਅਭਿਰਾਜ ਬਰਾੜ ਨੂੰ ਜੂਨੀਅਰ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਵੱਜੋਂ ਮਾਨਤਾ ਮਿਲੀ। ਟੂਰਨਾਮੈਂਟ ਦੌਰਾਨ ਤਾਸ਼ ਸੀਪ ਮੁਕਾਬਲੇ, ਮਿਊਜ਼ਿਕਲ ਚੇਅਰ ਅਤੇ ਸੀਨੀਅਰ ਦੌੜ ਵਰਗੀਆਂ ਮਨੋਰੰਜਕ ਗਤੀਵਿਧੀਆਂ ਨੇ ਵੀ ਭਰਪੂਰ ਰੌਣਕ ਲਗਾਈ। ਇਸ ਮੌਕੇ ਪੰਜਾਬ ਦੇ ਪ੍ਰਸਿੱਧ ਗੀਤਕਾਰ ਜੰਗ ਢਿੱਲੋਂ ਨੂੰ ਪੰਜਾਬੀ ਸੰਗੀਤ ਵਿੱਚ ਉਨ੍ਹਾਂ ਦੇ ਅਹਿਮ ਯੋਗਦਾਨ ਲਈ ਸਨਮਾਨ ਪੁਰਸਕਾਰ ਨਾਲ ਨਿਵਾਜਿਆ ਗਿਆ। ਇਸੇ ਤਰ੍ਹਾਂ ਮਾਸਟਰ ਗੁਰਚਰਨ ਸਿੰਘ ਗਿੱਲ (ਢੁੱਡੀਕੇ) ਨੂੰ ਖੇਡਾਂ ਅਤੇ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਵਿਸ਼ੇਸ਼ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਤਾਸ਼ ਸੀਪ ਮੁਕਾਬਲਿਆਂ ਦੇ ਸਫਲ ਪ੍ਰਬੰਧ ਲਈ ਸ: ਬਿੱਕਰ ਸਿੰਘ ਸੰਧੂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਕੈਲਗਰੀ ਵੱਲੋਂ ਸਮੂਹ ਸਪਾਂਸਰਾਂ, ਕਲੱਬ ਮੈਂਬਰਾਂ, ਖਿਡਾਰੀਆਂ, ਅਧਿਕਾਰੀਆਂ, ਵਲੰਟੀਅਰਾਂ, ਗੁਰਦੁਆਰਾ ਦਸ਼ਮੇਸ਼ ਕਲਚਰਲ ਸੈਂਟਰ, ਗੁਰੂ ਨਾਨਕ ਫ੍ਰੀ ਕਿਚਨ, ਮੀਡੀਆ ਸਾਥੀਆਂ ਅਤੇ ਸਮੂਹ ਦਰਸ਼ਕਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਟੂਰਨਾਮੈਂਟ ਯਾਦਗਾਰੀ ਅਤੇ ਸਫਲ ਬਣਿਆ।


IN LOVING MEMORY OF
Dr. Harwinder S. Rania
OCT 2, 1992 - AUG 1, 2026
SUNDAY, AUG 9, 2026
AT 10AM
COUNTRY HILLS CREMATORIUM
11995- 16 STREET NE CALGARY, AB
Followed by Antim Ardas at 1:00pm
Dashmesh Culture Center
135 Martindale Blvd NE Calgary
Sukhjinder Singh (403) 973-5576
Karnvir Singh (403) 612-4753


HEARTWOOD
BACK TO SCHOOL
Fill Your Bag Event!
ਇੱਕ ਬੈਕਪੈਕ ਭਰੋ,ਸ਼ੋਅਹੋਮਜ ਦੀ ਪੜਚੋਲ ਕਰੋ,ਅਤੇ ਪਰਿਵਾਰਕ ਮੌਜ ਮਸਤੀ ਦੇ ਦਿਨ ਦਾ ਆਨੰਦ ਮਾਣੋ
ਸ਼ਨੀਵਾਰ 15 ਅਗਸਤ 2026
ਦੁਪਹਿਰ 1:00 ਤੋਂ ਸ਼ਾਮ 4 ਵਜੇ ਤੱਕ
Heartwood Show Homes
(Heartwood Parade SE)
Community Partners
Brown Bagging for Calgary's Kids
Big Brothers Big Sisters
CALGARY FOOTHILLS
Scholars
Register ahead of time to join the fun!
Rohit COMMUNITIES | Bold Goes Further


ਇੱਕ ਕਾਰਡ।
ਬੱਸ ਇਹੀ।
Alberta DRIVER'S LICENCE
SAMPLE, OLIVIA SOPHIA
PERSONAL HEALTH NO.
12345-0000
DONOR
Alberta.ca/OneCard
Alberta

# ਮਨ ਵਿੱਚ ਬੈਠਾ ਦਿਲਜੀਤ ਦੁਸਾਂਝ



ਨਿੰਦਰ ਘੁਗਿਆਣਵੀ
9417421700

ਜਿਸ ਦਿਨ ਦਿਲਜੀਤ ਦੁਸਾਂਝ ਪ੍ਰਧਾਨ ਮੰਤਰੀ ਨੂੰ ਮਿਲਣ ਗਿਆ ਸੀ, ਬਹੁਤ ਸਾਰੇ ਸਿੱਖ ਉਸਨੂੰ ਗਾਲਾਂ ਕੱਢ ਰਹੇ ਸਨ ਤੇ ਉਹੀ ਸਿੱਖ ਅੱਜ ਉਸਨੂੰ ਜਸਵੰਤ ਸਿੰਘ ਖਾਲੜਾ ਦੇ ਰੋਲ ਵਿੱਚ ਦੇਖ ਕੇ ਉਸਦੀ ਬੱਲੇ ਬੱਲੇ ਕਰ ਰਹੇ ਸਨ। ਇਹ ਸਭ ਵੇਖ ਸੁਣ ਕੇ ਸੋਚਦਾ ਹਾਂ ਕਿ ਅਸੀਂ ਕਿਥੇ ਖਲੋਤੇ ਹਾਂ? ਕੀ ਬਣੇਗਾ ਸਾਡਾ?

***

ਇਹ ਗੱਲ 2005 ਦੀ ਹੈ, ਲਗਪਗ 21 ਸਾਲ ਹੋ ਗਏ ਹਨ। ਮੇਰੀ ਜੀਵਨੀ ਕਿਤਾਬ ਉਤੇ ਲਘੂ ਫਿਲਮ 'ਜੱਜ ਦਾ ਅਰਦਲੀ' ਬਣਾਈ ਗਈ। ਐਡੀਟਿੰਗ ਹੋਈ। ਸੀਡੀ ਤਿਆਰ ਕਰਵਾਈ ਤੇ ਜਗਦੇਵ ਸਿੰਘ ਜੱਸੋਵਾਲ ਕੋਲ ਲੈ ਗਿਆ। ਅਰਜ ਕੀਤੀ ਕਿ ਬਾਪੂ ਜੀ, ਜੇਕਰ ਇਸ ਫਿਲਮ ਨੂੰ ਫਾਈਨਟੋਨ ਵਾਲੇ ਰਿਲੀਜ ਕਰ ਦੇਣ ਤਾਂ ਗੱਲ ਖੂਬ ਬਣ ਜਾਵੇਗੀ। ਬਾਪੂ ਨੇ ਪਲ ਵਿੱਚ ਫੋਨ ਮਿਲਾਇਆ ਕੰਪਨੀ ਦੇ ਮਾਲਕ ਰਜਿੰਦਰ ਸਿੰਘ ਨੂੰ ਤੇ ਏਨਾ ਹੀ ਆਖਿਆ, ਅਸੀਂ ਤੁਹਾਡੇ ਕੋਲ ਆ ਰਹੇ ਆਂ, ਕੋਈ ਚੀਜ ਵਿਖਾਉਣੀ ਐਂ, ਚਾਹ ਵੀ ਪੀਵਾਂਗੇ। ਅੱਗੋਂ ਰਜਿੰਦਰ ਸਿੰਘ ਦੇ ਬੋਲ ਸਨ, ਧੰਨਭਾਗ ਬਾਪੂ ਜੀ, ਵੈਲਕਮ ਐ ਆਓ ਆਓ। ਦਫਤਰ ਖੁੱਲਦੇ ਤੀਕ ਮੈਂ ਤੇ ਬਾਪੂ ਜੱਸੋਵਾਲ ਰਜਿੰਦਰ ਸਿੰਘ ਪਾਸ ਜਾ ਬੈਠੇ। ਉਸ ਵਕਤ ਰਜਿੰਦਰ ਸਿੰਘ ਦਾ ਮੁੱਖ ਕਾਰਜ ਕਰਤਾ ਕੁਲਦੀਪ ਜੋਧਾ ਵੀ ਉਥੇ ਮੌਜੂਦ ਸੀ, ਜਿਸਨੇ ਫਟਾਫਟ ਚਾਹ ਪਾਣੀ ਦਾ ਪ੍ਰਬੰਧ ਕਰਿਆ। ਉਥੇ ਹੀ ਬਲਬੀਰ ਬੋਪਾਰਾਏ ਬੈਠਾ ਸੀ (ਦੇਦੇ ਗੇੜਾ ਸ਼ੌਕ ਦਾ ਨਣਾਨੇ ਗੋਰੀਏ) ਵਾਲਾ, ਤੇ ਕੁਲਵਿੰਦਰ ਢਿਲੋਂ (ਕਚਹਿਰੀਆਂ 'ਚ ਮੇਲੇ ਲਗਦੇ) ਗੀਤ ਵਾਲਾ ਬੜੇ ਮੋਹ ਨਾਲ ਮਿਲਿਆ। ਇਹ ਕਲਾਕਾਰ ਉਹਨੀਂ ਦਿਨੀਂ ਰਜਿੰਦਰ ਸਿੰਘ ਪਾਸ ਹੀ ਰਹਿ ਰਹੇ ਸਨ। ਰਜਿੰਦਰ ਸਿੰਘ ਦਾ ਮੁੰਡਾ ਹੈਪੀ ਵੀ ਆ ਗਿਆ ਤੇ ਪਲਾਂ ਵਿੱਚ ਹੀ ਸਾਡੇ ਨਾਲ ਘਲ ਮਿਲ ਗਿਆ।ਭੁਲੇਖਾ ਪੈ ਰਿਹਾ ਹੈ ਸ਼ਾਇਦ ਗਾਇਕ ਜੀ ਐਸ ਪੀਟਰ ਵੀ ਉਥੇ ਹੀ ਸੀ। ਬਾਪੂ ਜੀ ਨੇ ਆਖਿਆ ਕਿ ਰਜਿੰਦਰ ਸਿੰਘ, ਇਹਨੂੰ ਘੁਗਿਆਣਵੀ ਨੂੰ ਤੁਸੀਂ ਜਾਣਦੇ ਹੀ ਓ, ਤੇ ਏਹਨੇ ਇਕ ਫਿਲਮ ਬਣਾਈ ਐ, ਆਪਾਂ ਵੇਖ ਲਈਏ। ਰਜਿੰਦਰ ਸਿੰਘ ਨੇ ਆਖਿਆ ਕਿ ਬੈਠੋ ਬਸ--- ਦਿਲਜੀਤ ਨੂੰ ਵੀ ਆ ਲੈਣ ਦਿਓ, ਉਹ ਵੀ ਆਪਣੇ ਨਾਲ ਬੈਠ ਜਾਏਗਾ, ਆਉਣ ਹੀ ਵਾਲਾ ਐ, ਐਸ ਵੇਲੇ ਨੂੰ ਆ ਜਾਂਦਾ ਐ। ਉਦੋਂ ਦਿਲਜੀਤ ਵੀ ਰਜਿੰਦਰ ਸਿੰਘ ਹੁਰਾਂ ਕੋਲ ਹੀ ਹੁੰਦਾ ਸੀ ਤੇ ਉਸਦੇ ਗਾਏ ਗੀਤ ਫਾਈਨਟੋਨ ਰਾਹੀਂ ਚੱਲ ਨਿਕਲੇ ਸਨ, ਉਹ ਛਾ ਗਿਆ ਹੋਇਆ ਸੀ ਪਰ ਹੁਣ ਵਾਲਾ ਵੇਲਾ ਆਉਣ 'ਤੇ ਅਜੇ ਸਮਾਂ ਲੱਗਣਾ ਸੀ। ਖੈਰ! ਛੇਤੀ ਹੀ ਦਿਲਜੀਤ ਆ ਗਿਆ ਤੇ ਸਭ ਨੂੰ ਬੜੇ ਮੋਹ ਨਾਲ ਮਿਲਿਆ, ਬਾਪੂ ਜੱਸੋਵਾਲ ਦੇ ਪੈਰੀਂ ਹੱਥ ਲਗਾਏ। ਰਜਿੰਦਰ ਸਿੰਘ ਨੇ ਆਖਿਆ ਕਿ ਇਹ ਨਿੰਦਰ ਘੁਗਿਆਣਵੀ ਐ। ਦਿਲਜੀਤ ਨੇ ਆਖਿਆ ਬਹੁਤ ਪੜ੍ਹਿਆ ਐ, ਜਾਣਦਾ ਹਾਂ। ਚਾਹ ਪਾਣੀ ਪੀਣ ਬਾਅਦ ਅਸੀਂ ਸਾਰੇ ਫਿਲਮ ਦੇਖਣ ਲੱਗੇ। ਡੇਢ ਘੰਟੇ ਤੋਂ ਵੱਧ ਦੀ ਫਿਲਮ ਸੀ। ਦੇਖ ਹਟੇ ਤਾਂ ਰਜਿੰਦਰ ਸਿੰਘ ਬੋਲੇ, ਹਾਂ-- ਸਭ ਤੋਂ ਪਸਿਲਾਂ ਦੱਸੇਗਾ ਦਿਲਜੀਤ। ਉਹ ਬੋਲਿਆ, ਭਾਜੀ, ਵੱਖਰਾ ਜਿਹਾ ਵਿਸ਼ਾ ਐ ਅਦਾਲਤਾਂ ਬਾਰੇ ਐ ਤੇ ਟਚੀ ਐ, ਕਾਮੇਡੀ ਵੀ ਐ, ਕਰਦੋ ਰਿਲੀਜ ਪਰ ਲੰਬਾਈ ਬਹੁਤ ਐ, ਸ਼ੌਟ ਕਰੋ, ਕੱਟ ਮਾਰੋ।ਤੇ ਲਓ ਜੀ, ਦਿਲਜੀਤ ਦੀ ਹਾਂ ਸਭ ਦੀ ਹਾਂ ਸੀ। ਕੁਲਦੀਪ ਜੋਧਾਂ ਨੇ ਉਸੇ ਵੇਲੇ ਟੈਕਸੀ ਦਾ ਪ੍ਰਬੰਧ ਕਰਿਆ ਤੇ ਆਪਣੇ ਦਫਤਰ ਵਿਚੋਂ ਇਕ ਬੰਦਾ ਨਾਲ ਬਿਠਾਇਆ। ਦਿੱਲੀ ਵੱਲ ਚਾਲੇ ਪਾਏ, ਜਿਥੋਂ ਕੰਪਨੀ ਦਾ ਸਾਰਾ ਕੰਮ ਹੁੰਦਾ ਸੀ। ਦੋ ਦਿਨ ਦਿੱਲੀ ਲੱਗੇ, ਕੱਟ ਵੱਢ ਕੇ ਇਕ ਘੰਟੇ ਦੀ ਫਿਲਮ ਰਹਿ ਗਈ ਤੇ ਮਾਸਟਰ ਪੀਸ ਤਿਆਰ ਹੋਇਆ। ਰਾਤੋ ਰਾਤ ਰੰਗੀਨ ਪੋਸਟਰ ਵੀ ਛਪ ਗਏ। ਮੈਂ ਬੜਾ ਖੁਸ਼ ਸਾਂ ਤੇ ਮਨੋ ਮਨ ਦਿਲਜੀਤ ਦਾ ਧੰਨਵਾਦ ਕਰੀ ਜਾ ਰਿਹਾ ਸਾਂ, ਜਿਸ ਦੇ ਆਖੇ ਤੇ ਮੇਰੀ ਫਿਲਮ ਰਿਲੀਜ ਹੋ ਗਈ ਸੀ। ਮੁੜ ਕਦੇ ਉਸ ਨਾਲ ਮੇਲ ਨਾ ਹੋਇਆ ਪਰ ਉਹ ਦਿਲੋਂ ਕਦੀ ਨਾ ਵਿੱਸਰਿਆ। ਉਸ ਖੂਬਸੂਰਤ ਵੇਲੇ ਦੇ ਦੋ ਗਵਾਹ ਜਸੋਵਾਲ ਤੇ ਕੁਲਵਿੰਦਰ ਢਿੱਲੋਂ ਤੁਰ ਗਏ ਪਰ ਬਾਕੀਆਂ ਨੇ ਅੱਜ ਵੀ ਸਭ ਗੱਲਾਂ ਚੇਤਿਆਂ ਵਿੱਚ ਵਸਾ ਲਈਆਂ ਹੋਈਆਂ ਨੇ।







***

ਮੇਰੇ ਉਸਤਾਦ ਲਾਲ ਚੰਦ ਯਮਲਾ ਜੀ ਦੇ ਸੰਗੀਤਕਾਰ ਪੋਤਰੇ ਵਿਜੇ ਯਮਲਾ ਨਾਲ ਦਿਲਜੀਤ ਦੀ ਨੇੜਤਾ ਹੋ ਗਈ ਤੇ ਉਹ ਇਕੱਠੇ ਕੰਮ ਕਰਨ ਲੱਗੇ। ਦਿਲਜੀਤ ਵਿਜੇ ਤੋਂ ਮੇਰਾ ਹਾਲ ਹਵਾਲਾਤ ਜਾਣਦਾ ਰਿਹਾ। ਲੁਧਿਆਣੇ ਹੋਏ ਉਸਦੇ ਯਾਦਗਾਰੀ ਸ਼ੋਅ ਵਿੱਚ ਮੁਹੰਮਦ ਸਦੀਕ ਨੂੰ ਜੋ ਤੂੰਬੀ ਉਸਨੇ ਭੇਟ ਕਰਕੇ ਸਨਮਾਨਿਆ, ਉਹ ਵਿਜੇ ਯਮਲੇ ਦੀ ਬਣਾਈ ਹੋਈ ਹੈ। ਹੁਣੇ ਵਿਜੇ ਨੇ ਇਕ ਵੀਡੀਓ ਭੇਜੀ ਹੈ, ਵਿਦੇਸ਼ ਦੇ ਕਿਸੇ ਟੀਵੀ ਚੈਨਲ ਉਤੇ ਦਿਲਜੀਤ ਕਿਸੇ ਗੋਰੇ ਐਂਕਰ ਨਾਲ ਉਸਤਾਦ ਜੀ ਦੀ ਤੂੰਬੀ ਦੀਆਂ ਇਓਂ ਗੱਲਾਂ ਕਰਦਾ ਹੈ: ਏਹ ਪੰਜਾਬ ਦਾ ਹਰਮਨ ਪਿਆਰਾ ਲੋਕ ਸਾਜ ਐ, ਉਸਤਾਦ ਯਮਲਾ ਜੀ ਇਸਦੇ ਖੋਜੀ ਵਿਗਿਆਨੀ ਹਨ, ਕਿਸੇ ਸਮੇਂ ਵੱਡੇ ਵੱਡੇ ਲੋਕ ਸਾਜ ਚੁੱਕ ਕੇ ਕਈ ਕਈ ਘੰਟੇ ਤੁਰਨਾ ਔਖਾ ਸੀ ਤੇ ਯਮਲਾ ਜੀ ਨੇ ਇਸੇ ਸੌਖ ਲਈ ਇਸ ਨਿੱਕੇ ਅਕਾਰ ਦੇ ਸਾਜ ਦੀ ਰਚਨਾ ਕੀਤੀ ਸੀ ਏਹ ਹੈ ਤੂੰਬੀ। ਸੰਗੀਤ ਦਾ ਇਹ ਪਿਆਰਾ ਪੰਛੀ ਅਜ ਲੰਬੀ ਉਡਾਰੀ ਭਰ ਗਿਆ ਹੈ ਤੇ ਖੁੱਲੇ ਆਸਮਾਨ ਵਿੱਚ ਉਡ ਰਿਹਾ ਹੈ। ਆਪਣੇ ਪਹਿਲੇ ਸਰਪ੍ਰਸਤ ਰਜਿੰਦਰ ਸਿੰਘ ਨੂੰ ਹਾਲੇ ਵੀ ਨਹੀਂ ਭੁੱਲਿਆ ਹੈ ਤੇ ਆਪਣੀਆਂ ਮੁਲਾਕਾਤਾਂ ਵਿੱਚ ਉਨਾਂ ਦਾ ਜਿਕਰ ਖੂਬ ਕਰਦਾ ਹੈ। ਸੋ, ਗੱਲ ਲੰਮੇਰੀ ਨਾ ਕਰਾਂ, ਦਿਲਜੀਤ ਤੇਰਾ ਇਨਾਂ ਗੱਲਾਂ ਤੇ ਗੁਣਾਂ ਕਰਕੇ ਮੋਹ ਵੀ ਆਉਂਦਾ ਹੈ ਤੇ ਮਾਣ ਵੀ ਮਹਿਸੂਸ ਹੁੰਦਾ ਹੈ। ਸਮਾਂ ਆਪਣੀਆਂ ਖੂਬਸੂਰਤ ਪੈੜਾਂ ਛੱਡ ਗਿਆ।

# ਸੋਸ਼ਲ ਮੀਡੀਆ ਦੇ ਫਾਇਦੇ ਅਤੇ ਨੁਕਸਾਨ

**ਕੰਵਲ ਪੁਨੀਤ ਕੌਰ**
306-580-1860

ਅੱਜ ਦੇ ਸਮੇਂ ਵਿੱਚ ਸੋਸ਼ਲ ਮੀਡੀਆ ਸਾਡੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ ਕੁਝ ਸਾਲ ਪਹਿਲਾਂ ਘਰਾਂ ਵਿੱਚ ਸ਼ਾਮ ਦੇ ਵੇਲੇ ਬੱਚਿਆਂ ਦੀਆਂ ਹੱਸਣ ਦੀਆਂ ਆਵਾਜ਼ਾਂ, ਵੱਡਿਆਂ ਦੀਆਂ ਗੱਲਾਂ ਅਤੇ ਕਿਤਾਬਾਂ ਦੇ ਸਫ਼ੇ ਪਲਟਣ ਦੀ ਆਵਾਜ਼ ਸੁਣਾਈ ਦਿੰਦੀ ਸੀ। ਅੱਜ ਉਹੀ ਘਰ ਚੁੱਪ ਹਨ। ਹਰ ਹੱਥ ਵਿੱਚ ਇੱਕ ਮੋਬਾਈਲ ਹੈ ਅਤੇ ਹਰ ਨਜ਼ਰ ਇੱਕ ਸਕਰੀਨ 'ਤੇ ਟਿਕੀ ਹੋਈ ਹੈ। ਅਸੀਂ ਇੱਕੋ ਘਰ ਵਿੱਚ ਰਹਿੰਦੇ ਹੋਏ ਵੀ ਕਈ ਵਾਰ ਇੱਕ-ਦੂਜੇ ਤੋਂ ਦੂਰ ਹੋ ਗਏ ਹਾਂ। ਇਹੀ ਸੋਸ਼ਲ ਮੀਡੀਆ ਦਾ ਸਭ ਤੋਂ ਵੱਡਾ ਸਵਾਲ ਹੈ—ਕੀ ਇਸ ਨੇ ਸਾਨੂੰ ਜੋੜਿਆ ਹੈ ਜਾਂ ਹੌਲੀ-ਹੌਲੀ ਵੱਖ ਕਰ ਦਿੱਤਾ ਹੈ? ਅੱਜ ਦੇ ਸਮੇਂ ਵਿੱਚ ਸੋਸ਼ਲ ਮੀਡੀਆ ਸਾਡੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਬਣ ਚੁੱਕਾ ਹੈ। ਫੇਸਬੁੱਕ, ਇੰਸਟਾਗ੍ਰਾਮ, ਯੂਟਿਊਬ, ਵਟਸਐਪ ਅਤੇ ਹੋਰ ਕਈ ਮਾਧਿਅਮਾਂ ਨੇ ਦੁਨੀਆ ਨੂੰ ਇੱਕ-ਦੂਜੇ ਦੇ ਬਹੁਤ ਨੇੜੇ ਲਿਆ ਦਿੱਤਾ ਹੈ। ਅਸੀਂ ਕੁਝ ਸਕਿੰਟਾਂ ਵਿੱਚ ਹੀ ਆਪਣੇ ਵਿਚਾਰ, ਤਸਵੀਰਾਂ ਅਤੇ ਜਾਣਕਾਰੀ ਦੁਨੀਆ ਦੇ ਕਿਸੇ ਵੀ ਕੋਨੇ ਤੱਕ ਪਹੁੰਚਾ ਸਕਦੇ ਹਾਂ। ਪਰ ਹਰ ਸਹੂਲਤ ਦੀ ਤਰ੍ਹਾਂ ਇਸ ਦੇ ਵੀ ਕੁਝ ਫਾਇਦੇ ਹਨ ਅਤੇ ਕੁਝ ਨੁਕਸਾਨ ਵੀ। ਸੋਸ਼ਲ ਮੀਡੀਆ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਇਹ ਜਾਣਕਾਰੀ ਦਾ ਇੱਕ ਤੇਜ਼ ਅਤੇ ਆਸਾਨ ਸਾਧਨ ਹੈ। ਸਿੱਖਿਆ, ਸਿਹਤ, ਰੋਜ਼ਗਾਰ, ਖੇਤੀਬਾੜੀ, ਕਾਰੋਬਾਰ ਅਤੇ ਹੋਰ ਕਈ ਖੇਤਰਾਂ ਨਾਲ ਸੰਬੰਧਿਤ ਜਾਣਕਾਰੀ ਘਰ ਬੈਠੇ ਮਿਲ ਜਾਂਦੀ ਹੈ। ਬੱਚੇ ਨਵੀਆਂ ਗੱਲਾਂ ਸਿੱਖ ਸਕਦੇ ਹਨ, ਕਿਸਾਨ ਨਵੀਆਂ ਤਕਨੀਕਾਂ ਬਾਰੇ ਜਾਣ ਸਕਦੇ ਹਨ ਅਤੇ ਛੋਟੇ ਕਾਰੋਬਾਰੀ ਆਪਣੇ ਉਤਪਾਦਾਂ ਨੂੰ ਵੱਡੇ ਪੱਧਰ 'ਤੇ ਲੋਕਾਂ ਤੱਕ ਪਹੁੰਚਾ ਸਕਦੇ ਹਨ।ਕਈ ਨੌਜਵਾਨਾਂ ਨੇ ਆਪਣੇ ਹੁਨਰ ਨੂੰ ਸੋਸ਼ਲ ਮੀਡੀਆ ਰਾਹੀਂ ਦੁਨੀਆ ਅੱਗੇ ਰੱਖ ਕੇ ਆਪਣੀ ਵੱਖਰੀ ਪਛਾਣ ਬਣਾਈ ਹੈ।ਪਰਦੇਸ ਵਿੱਚ ਰਹਿੰਦੇ ਲੋਕਾਂ ਲਈ ਵੀ ਇਹ ਇੱਕ ਅਨਮੋਲ ਸਾਧਨ ਹੈ। ਹਜ਼ਾਰਾਂ ਕਿਲੋਮੀਟਰ ਦੂਰ ਬੈਠਾ ਵਿਅਕਤੀ ਵੀ ਆਪਣੇ ਪਰਿਵਾਰ ਦੀਆਂ ਖੁਸ਼ੀਆਂ ਅਤੇ ਦੁੱਖਾਂ ਵਿੱਚ ਸ਼ਾਮਲ ਹੋ ਸਕਦਾ ਹੈ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਵੀ ਸੋਸ਼ਲ ਮੀਡੀਆ ਨੇ ਨਵਾਂ ਮੰਚ ਦਿੱਤਾ ਹੈ। ਅੱਜ ਅਨੇਕਾਂ ਲੇਖਕ, ਕਵੀ ਅਤੇ ਕਲਾਕਾਰ ਆਪਣੀ ਰਚਨਾ ਨੂੰ ਦੁਨੀਆ ਦੇ ਹਰ ਕੋਨੇ ਤੱਕ ਪਹੁੰਚਾ ਰਹੇ ਹਨ।ਪਰ ਇਸ ਚਮਕਦਾਰ ਦੁਨੀਆ ਦਾ ਇੱਕ ਦੂਜਾ ਪਾਸਾ ਵੀ ਹੈ। ਅੱਜ ਬੱਚੇ ਮੈਦਾਨਾਂ ਨਾਲੋਂ ਵੱਧ ਸਕਰੀਨਾਂ ਨਾਲ ਜੁੜ ਗਏ ਹਨ। ਪਰਿਵਾਰ ਇਕੱਠੇ ਬੈਠੇ ਹੋਣ ਦੇ ਬਾਵਜੂਦ ਵੀ ਹਰ ਕਿਸੇ ਦੀਆਂ ਨਜ਼ਰਾਂ ਆਪਣੇ-ਆਪਣੇ ਮੋਬਾਈਲ 'ਤੇ ਟਿਕੀਆਂ ਹੁੰਦੀਆਂ ਹਨ। ਗੱਲਬਾਤ ਘੱਟ ਹੋ ਰਹੀ ਹੈ ਅਤੇ ਇਕੱਲਾਪਨ ਵੱਧ ਰਿਹਾ ਹੈ। ਬੱਚਿਆਂ ਵਿੱਚ ਪੜ੍ਹਨ ਦੀ ਆਦਤ ਘਟ ਰਹੀ ਹੈ ਅਤੇ ਕਿਤਾਬਾਂ ਦੀ ਥਾਂ ਛੋਟੀਆਂ-ਛੋਟੀਆਂ ਵੀਡੀਓਆਂ ਨੇ ਲੈ ਲਈ ਹੈ। ਲੰਬੇ ਸਮੇਂ ਤੱਕ ਸਕਰੀਨ ਦੇਖਣ ਨਾਲ ਅੱਖਾਂ ਦੀਆਂ ਸਮੱਸਿਆਵਾਂ, ਨੀਂਦ ਵਿੱਚ ਰੁਕਾਵਟ ਅਤੇ ਮਾਨਸਿਕ ਤਣਾਅ ਵੱਧ ਰਿਹਾ ਹੈ।ਇੱਕ ਹੋਰ ਸਮੱਸਿਆ ਬੇਲੋੜੀ ਤੁਲਨਾ ਦੀ ਹੈ। ਸੋਸ਼ਲ ਮੀਡੀਆ 'ਤੇ ਲੋਕ ਆਪਣੀ ਜ਼ਿੰਦਗੀ ਦੇ ਖੁਸ਼ਗਵਾਰ ਪਲ ਹੀ ਸਾਂਝੇ ਕਰਦੇ ਹਨ। ਉਨ੍ਹਾਂ ਨੂੰ ਦੇਖ ਕੇ ਕਈ ਲੋਕ ਆਪਣੇ ਜੀਵਨ ਨੂੰ ਘੱਟ ਸਮਝਣ ਲੱਗਦੇ ਹਨ। ਇਹ ਸੋਚ ਹੌਲੀ-ਹੌਲੀ ਆਤਮ-ਵਿਸ਼ਵਾਸ ਨੂੰ ਪ੍ਰਭਾਵਿਤ ਕਰ ਸਕਦੀ ਹੈ, ਖ਼ਾਸ ਕਰਕੇ ਬੱਚਿਆਂ ਅਤੇ ਨੌਜਵਾਨਾਂ ਵਿੱਚ।ਸਮੇਂ ਦੀ ਬਰਬਾਦੀ ਵੀ ਇੱਕ ਗੰਭੀਰ ਚੁਣੌਤੀ ਹੈ। ਕਈ ਵਾਰ ਅਸੀਂ ਸਿਰਫ਼ ਪੰਜ ਮਿੰਟ ਲਈ ਮੋਬਾਈਲ ਖੋਲ੍ਹਦੇ ਹਾਂ, ਪਰ ਪਤਾ ਹੀ ਨਹੀਂ ਲੱਗਦਾ ਕਿ ਇੱਕ ਘੰਟਾ ਕਦੋਂ ਲੰਘ ਗਿਆ। ਉਹ ਸਮਾਂ ਜੇ ਪਰਿਵਾਰ, ਕਿਤਾਬਾਂ, ਕੁਦਰਤ ਜਾਂ ਆਪਣੀ ਕਿਸੇ ਕਲਾ ਨੂੰ ਦਿੱਤਾ ਜਾਵੇ ਤਾਂ ਜੀਵਨ ਹੋਰ ਵੀ ਖੁਸ਼ਹਾਲ ਬਣ ਸਕਦਾ ਹੈ।ਇਸ ਸਥਿਤੀ ਵਿੱਚ ਮਾਪਿਆਂ, ਅਧਿਆਪਕਾਂ ਅਤੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਬਣਦੀ ਹੈ ਕਿ ਬੱਚਿਆਂ ਨੂੰ ਸੋਸ਼ਲ ਮੀਡੀਆ ਤੋਂ ਦੂਰ ਨਹੀਂ, ਸਗੋਂ ਇਸ ਦੀ ਸਮਝਦਾਰੀ ਨਾਲ ਵਰਤੋਂ ਕਰਨੀ ਸਿਖਾਈ ਜਾਵੇ। ਤਕਨਾਲੋਜੀ ਤੋਂ ਭੱਜਣਾ ਹੱਲ ਨਹੀਂ, ਉਸ ਦਾ ਸੰਤੁਲਿਤ ਅਤੇ ਜ਼ਿੰਮੇਵਾਰ ਇਸਤੇਮਾਲ ਹੀ ਅਸਲ ਹੱਲ ਹੈ।ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਸੋਸ਼ਲ ਮੀਡੀਆ ਇੱਕ ਸ਼ਕਤੀਸ਼ਾਲੀ ਸਾਧਨ ਹੈ। ਇਹ ਸਾਨੂੰ ਗਿਆਨ ਵੀ ਦੇ ਸਕਦਾ ਹੈ ਅਤੇ ਗੁੰਮਰਾਹ ਵੀ ਕਰ ਸਕਦਾ ਹੈ। ਇਹ ਰਿਸ਼ਤੇ ਜੋੜ ਵੀ ਸਕਦਾ ਹੈ ਅਤੇ ਦੂਰ ਵੀ ਕਰ ਸਕਦਾ ਹੈ। ਫ਼ੈਸਲਾ ਸਾਡੇ ਆਪਣੇ ਹੱਥ ਵਿੱਚ ਹੈ ਕਿ ਅਸੀਂ ਇਸ ਨੂੰ ਆਪਣੀ ਜ਼ਿੰਦਗੀ ਦਾ ਮਾਲਕ ਬਣਾਉਣਾ ਹੈ ਜਾਂ ਆਪਣਾ ਸਹਾਇਕ। ਜੇ ਅਸੀਂ ਇਸ ਦੀ ਵਰਤੋਂ ਸੂਝ-ਬੂਝ, ਸੰਤੁਲਨ ਅਤੇ ਜ਼ਿੰਮੇਵਾਰੀ ਨਾਲ ਕਰੀਏ ਤਾਂ ਇਹ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਵਰਦਾਨ ਸਾਬਤ ਹੋ ਸਕਦਾ ਹੈ।



ਇੰਡੀਅਨ ਐਕਸ ਸਰਵਿਸਮੈਨ ਇੰਮੀਗਰਾਂਟਸ ਐਸੋਸੀਏਸ਼ਨ ਕੈਲਗਰੀ ਦੇ ਪਰਬੰਧਕੀ ਢਾਂਚੇ ਦੀ ਚੋਣ ਹੋਈ। ਜਿਸ ਦੌਰਾਨ ਸ: ਅਮਰਜੀਤ ਸਿੰਘ ਘੋਤੜਾ ਇਸ ਸੰਸਥਾ ਦੇ ਸਰਬਸੰਤੀ ਨਾਲ ਪ੍ਰਧਾਨ ਚੁਣੇ ਗਏ। ਇਸ ਮੌਕੇ ਇਸ ਸੰਸਥਾ ਦੇ ਪਹਿਲੇ ਪ੍ਰਧਾਨ ਸ਼ ਬਲਕਾਰ ਸਿੰਘ ਸੰਧੂ ਅਤੇ ਉਸਦੇ ਸਾਥੀਆਂ ਨੇ ਨਵੇਂ ਚੁਣੇ ਗਏ ਪ੍ਰਧਾਨ ਸ: ਅਮਰਜੀਤ ਸਿੰਘ ਘੋਤੜਾ ਨੂੰ ਸਤਿਕਾਰ ਵੱਜੋਂ ਸ਼ਾਲ ਉਹਨਾਂ ਦੇ ਗਲੇ ਵਿੱਚ ਪਾਕੇ ਅਗਲੇ ਕਾਰਜਕਾਰੀ ਸਮੇਂ ਲਈ ਉਹਨਾਂ ਨੂੰ ਮੁਬਾਰਕਬਾਦ ਦਿੱਤੀ।



# ਮਹਾਨ ਸ਼ਹਾਦਤ ਦੇ 100 ਸਾਲ: ਸਰਦਾਰ ਤੇਜਾ ਸਿੰਘ ਸਮੁੰਦਰੀ ਨੂੰ ਯਾਦ ਕਰਦਿਆਂ



ਹਰਜੋਤ ਸਿੰਘ ਸਿੱਧੂ
ਡਾਇਰੈਕਟਰ-ਮਹਾਰਾਜਾ ਰਣਜੀਤ ਸਿੰਘ
ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ
+91- 9854800075

ਪਿਛਲੇ ਸਾਲ ਮੇਰੇ ਵੱਲੋ ਲਿਖਿਆ ਅਖ਼ਬਾਰ ਵਿੱਚ ਪ੍ਰਕਾਸ਼ਿਤ ਇੱਕ ਕਾਲਮ ਪੜ੍ਹਨ ਤੋਂ ਬਾਅਦ ਇੱਕ ਬਜ਼ੁਰਗ ਸੇਵਾਮੁੱਕਤ ਫ਼ੌਜੀ ਨੇ ਮੈਨੂੰ ਫ਼ੋਨ ਕਰਕੇ ਇੱਕ ਗੱਲ ਕਹੀ ਜੋ ਅੱਜ ਵੀ ਮੇਰੇ ਮਨ ਵਿੱਚ ਗੂੰਜਦੀ ਹੈ—ਪੁੱਤਰ, ਸ਼ਹੀਦ ਕਿਸੇ ਵੀ ਕੌਮ ਅਤੇ ਦੇਸ਼ ਦਾ ਮਾਣ ਹੁੰਦੇ ਹਨ। ਸ਼ਹੀਦਾਂ ਦੀ ਪ੍ਰਸ਼ੰਸਾ ਕਰਨਾ ਰੱਬ ਦੀ ਪ੍ਰਸ਼ੰਸਾ ਕਰਨ ਦੇ ਬਰਾਬਰ ਹੈ।÷ ਇਹ ਸ਼ਬਦ ਸਾਨੂੰ ਯਾਦ ਦਿਵਾਉਂਦੇ ਹਨ ਕਿ ਜਿਹੜੇ ਲੋਕ ਆਪਣੇ ਧਰਮ, ਕੌਮ, ਦੇਸ਼ ਜਾਂ ਮਨੁੱਖਤਾ ਲਈ ਆਪਣਾ ਜੀਵਨ ਨਿਛਾਵਰ ਕਰਦੇ ਹਨ, ਉਹ ਇਤਿਹਾਸ ਵਿੱਚ ਸਦਾ ਲਈ ਅਮਰ ਹੋ ਜਾਂਦੇ ਹਨ।

17 ਜੁਲਾਈ 2026 ਨੂੰ ਸਰਦਾਰ ਤੇਜਾ ਸਿੰਘ ਸਮੁੰਦਰੀ ਦੀ ਸ਼ਹਾਦਤ ਨੂੰ 100 ਸਾਲ ਪੂਰੇ ਹੋ ਗਏ ਹਨ। ਇਹ ਮੌਕਾ ਸਿਰਫ਼ ਇੱਕ ਮਹਾਨ ਸ਼ਹੀਦ ਨੂੰ ਯਾਦ ਕਰਨ ਦਾ ਨਹੀਂ, ਸਗੋਂ ਉਸ ਵਿਰਾਸਤ ਨੂੰ ਨਮਨ ਕਰਨ ਦਾ ਹੈ ਜੋ ਅੱਜ ਵੀ ਸਿੱਖ ਪੰਥ ਅਤੇ ਭਾਰਤੀ ਇਤਿਹਾਸ ਨੂੰ ਰੌਸ਼ਨ ਕਰ ਰਹੀ ਹੈ।

ਕੁਝ ਹਫ਼ਤੇ ਪਹਿਲਾਂ ਮੈਨੂੰ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਦੋ ਮਹੱਤਵਪੂਰਨ ਪੁਸਤਕਾਂ ਡਾਕ ਰਾਹੀਂ ਪ੍ਰਾਪਤ ਹੋਈਆਂ। ਪਹਿਲੀ 1975 ਵਿੱਚ ਡਾ. ਪਿਆਰ ਸਿੰਘ ਵੱਲੋਂ ਲਿਖੀ ਪੰਜਾਬੀ ਜੀਵਨੀ ਸੀ ਅਤੇ ਦੂਜੀ ਉਸ ਦਾ 2026 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: ਕਰਮਜੀਤ ਸਿੰਘ ਦੇ ਉਪਰਾਲੇ ਨਾਲ ਪ੍ਰਕਾਸ਼ਿਤ ਅੰਗਰੇਜ਼ੀ ਅਨੁਵਾਦ। ਇਹ ਪੁਸਤਕਾਂ ਮੈਨੂੰ ਸਰਦਾਰ ਤੇਜਾ ਸਿੰਘ ਸਮੁੰਦਰੀ ਦੇ ਪੋਤੇ ਅਤੇ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਸਰਦਾਰ ਤਰਨਜੀਤ ਸਿੰਘ ਸੰਧੂ ਵੱਲੋਂ ਲੋਕ ਭਵਨ ਦਿੱਲੀ ਤੋਂ ਭੇਜੀਆਂ ਗਈਆਂ। ਇਹ ਕੇਵਲ ਪੁਸਤਕਾਂ ਨਹੀਂ ਸਨ, ਸਗੋਂ ਇੱਕ ਮਹਾਨ ਵਿਰਾਸਤ ਨਾਲ ਮੁੜ ਜੁੜਨ ਦਾ ਮੌਕਾ ਸਨ।

**ਲਾਹੌਰ ਸੈਂਟਰਲ ਜੇਲ੍ਹ: ਸ਼ਹਾਦਤ ਦੀ ਧਰਤੀ**

ਪੰਜਾਬ ਦੀ ਧਰਤੀ ਸ਼ਹੀਦਾਂ ਦੇ ਲਹੂ ਨਾਲ ਪਵਿੱਤਰ ਹੋਈ ਹੈ। ਲਾਹੌਰ ਸੈਂਟਰਲ ਜੇਲ੍ਹ ਭਾਰਤ ਦੇ ਆਜ਼ਾਦੀ ਸੰਘਰਸ਼ ਅਤੇ ਸਿੱਖ ਇਤਿਹਾਸ ਦੀਆਂ ਸਭ ਤੋਂ ਪਵਿੱਤਰ ਥਾਵਾਂ ਵਿੱਚੋਂ ਇੱਕ ਹੈ। ਇੱਥੇ 1915 ਵਿੱਚ ਗ਼ਦਰ ਲਹਿਰ ਦੇ ਮਹਾਨ ਯੋਧੇ—ਸ਼ਹੀਦ ਕਰਤਾਰ ਸਿੰਘ ਸਰਾਭਾ, ਵਿਸ਼ਨੂ ਗਣੇਸ਼ ਪਿੰਗਲੇ, ਹਰਨਾਮ ਸਿੰਘ ਸਿਆਲਕੋਟੀ ਅਤੇ ਉਨ੍ਹਾਂ ਦੇ ਸਾਥੀਆਂ—ਨੇ ਫਾਂਸੀ ਦੇ ਫੰਦੇ ਨੂੰ ਹੱਸਦਿਆਂ ਗਲੇ ਲਾਇਆ। ਇਸੇ ਜੇਲ੍ਹ ਵਿੱਚ 23 ਮਾਰਚ 1931 ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਵੀ ਸ਼ਹੀਦ ਕੀਤਾ ਗਿਆ। ਇਨ੍ਹਾਂ ਦੋ ਮਹਾਨ ਸ਼ਹਾਦਤਾਂ ਦੇ ਵਿਚਕਾਰ ਇੱਕ ਹੋਰ ਮਹਾਨ ਨਾਮ ਆਉਂਦਾ ਹੈ ਸਰਦਾਰ ਤੇਜਾ ਸਿੰਘ ਸਮੁੰਦਰੀ। ਭਾਵੇਂ ਉਨ੍ਹਾਂ ਨੂੰ ਫਾਂਸੀ ਨਹੀਂ ਦਿੱਤੀ ਗਈ, ਪਰ 17 ਜੁਲਾਈ 1926 ਨੂੰ ਉਹ ਬ੍ਰਿਟਿਸ਼ ਹਿਰਾਸਤ ਦੌਰਾਨ ਲਾਹੌਰ ਸੈਂਟਰਲ ਜੇਲ੍ਹ ਵਿੱਚ ਹੀ ਸ਼ਹੀਦ ਹੋਏ। ਉਨ੍ਹਾਂ ਨੇ ਸਿੱਖ ਧਾਰਮਿਕ ਆਜ਼ਾਦੀ, ਪੰਥਕ ਸਵੈ-ਸਨਮਾਨ ਅਤੇ ਨਿਆਂ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ।

**ਗੁਰਦੁਆਰਾ ਸੁਧਾਰ ਲਹਿਰ ਦੇ ਅਗਵਾਈਕਰਤਾ**

ਸਰਦਾਰ ਤੇਜਾ ਸਿੰਘ ਸਮੁੰਦਰੀ ਗੁਰਦੁਆਰਾ ਸੁਧਾਰ ਲਹਿਰ ਦੇ ਸਭ ਤੋਂ ਮਹੱਤਵਪੂਰਨ ਆਗੂਆਂ ਵਿੱਚੋਂ ਸਨ। ਗੁਰਦੁਆਰਾ ਰਕਾਬ ਗੰਜ ਮੋਰਚੇ ਵਿੱਚ ਉਨ੍ਹਾਂ ਨੇ ਬੇਮਿਸਾਲ ਹਿੰਮਤ ਦਿਖਾਈ। ਜਦੋਂ ਬ੍ਰਿਟਿਸ਼ ਸਰਕਾਰ ਨੇ ਇਤਿਹਾਸਕ ਕੰਧ ਢਾਹੀ, ਤਾਂ ਉਹ ਉਸ ਸ਼ਹੀਦੀ ਜਥੇ ਵਿੱਚ ਸ਼ਾਮਲ ਹੋਏ ਜੋ ਕੰਧ ਮੁੜ ਉਸਾਰਨ ਲਈ ਦਿੱਲੀ ਤਿਆਰ ਹੋਏ। ਸਿੱਖਾਂ ਦੀ ਏਕਤਾ ਅਤੇ ਦ੍ਰਿੜਤਾ ਦੇ ਸਾਹਮਣੇ ਸਰਕਾਰ ਨੂੰ ਆਖ਼ਿਰਕਾਰ ਝੁਕਣਾ ਪਿਆ। ਗੁਰੂ ਕਾ ਬਾਗ ਮੋਰਚੇ ਵਿੱਚ ਵੀ ਉਨ੍ਹਾਂ ਦੀ ਭੂਮਿਕਾ ਇਤਿਹਾਸਕ ਰਹੀ। ਇਹ ਭਾਰਤ ਦੇ ਪਹਿਲੇ ਵੱਡੇ ਅਹਿੰਸਕ ਸੰਘਰਸ਼ਾਂ ਵਿੱਚੋਂ ਇੱਕ ਸੀ, ਜਿਸ ਦੀ ਪ੍ਰਸ਼ੰਸਾ ਮਹਾਤਮਾ ਗਾਂਧੀ, ਮਦਨ ਮੋਹਨ ਮਾਲਵੀਆ, ਸੀ. ਐਫ਼. ਐਂਡਰਿਊਜ਼ ਅਤੇ ਸਵਾਮੀ ਸ਼ਰਧਾਨੰਦ ਵਰਗੇ ਆਗੂਆਂ ਨੇ ਕੀਤੀ।

ਚਾਬੀਆਂ ਮੋਰਚਾ, ਜੈਤੋ ਮੋਰਚਾ ਅਤੇ ਨਾਭਾ ਮੋਰਚੇ ਸਮੇਤ ਕਈ ਅੰਦੋਲਨਾਂ ਵਿੱਚ ਉਨ੍ਹਾਂ ਨੇ ਨਿਮਰਤਾ, ਦੂਰਦਰਸ਼ਤਾ ਅਤੇ ਸੰਗਠਨਾਤਮਕ ਯੋਗਤਾ ਨਾਲ ਅਗਵਾਈ ਕੀਤੀ। ਉਨ੍ਹਾਂ ਦੇ ਯਤਨਾਂ ਨਾਲ ਸ਼੍ਰੋਮਣੀ



ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਵਰਗੀਆਂ ਸੰਸਥਾਵਾਂ ਨੂੰ ਮਜ਼ਬੂਤੀ ਮਿਲੀ।

**ਸੱਤਾ ਤੋਂ ਦੂਰ, ਸੇਵਾ ਦੇ ਕੇਂਦਰ ਵਿੱਚ**

ਸਰਦਾਰ ਤੇਜਾ ਸਿੰਘ ਸਮੁੰਦਰੀ ਨੇ ਕਦੇ ਵੀ ਅਹੁਦਿਆਂ ਦੀ ਇੱਛਾ ਨਹੀਂ ਕੀਤੀ। ਜਦੋਂ ਸੈਂਟਰਲ ਸਿੱਖ ਲੀਗ ਦੀ ਪ੍ਰਧਾਨਗੀ ਦਾ ਸਵਾਲ ਉੱਠਿਆ ਤਾਂ ਉਨ੍ਹਾਂ ਨੇ ਜੇਲ੍ਹ ਵਿੱਚੋਂ ਹੀ ਸੁਨੇਹਾ ਭੇਜਿਆ ਕਿ ਇਹ ਸਨਮਾਨ ਸਰਦਾਰ ਖੜਕ ਸਿੰਘ ਨੂੰ ਦਿੱਤਾ ਜਾਵੇ। ਉਨ੍ਹਾਂ ਲਈ ਸੇਵਾ ਅਹੁਦੇ ਨਾਲੋਂ ਵੱਡੀ ਸੀ। ਉਨ੍ਹਾਂ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਭਾਰਤੀ ਰਾਸ਼ਟਰੀ ਕਾਂਗਰਸ ਵੀ ਉਨ੍ਹਾਂ ਨੂੰ ਆਪਣੀ ਵਰਕਿੰਗ ਕਮੇਟੀ ਵਿੱਚ ਸ਼ਾਮਲ ਕਰਨਾ ਚਾਹੁੰਦੀ ਸੀ, ਕਿਉਂਕਿ ਉਹ ਧਾਰਮਿਕ ਸੁਧਾਰ ਅਤੇ ਰਾਸ਼ਟਰੀ ਆਜ਼ਾਦੀ ਦੇ ਸੰਘਰਸ਼ ਨੂੰ ਇਕੱਠੇ ਜੋੜਨ ਦੀ ਵਿਲੱਖਣ ਸਮਰੱਥਾ ਰੱਖਦੇ ਸਨ।

**ਸਮਾਜ ਸੁਧਾਰਕ ਅਤੇ ਸਿੱਖਿਆ ਪ੍ਰੇਮੀ**

ਰਾਜਨੀਤਿਕ ਸੰਘਰਸ਼ ਦੇ ਨਾਲ-ਨਾਲ ਉਹ ਇੱਕ ਮਹਾਨ ਸਮਾਜ ਸੁਧਾਰਕ ਵੀ ਸਨ। ਉਨ੍ਹਾਂ ਨੇ ਲਾਇਲਪੁਰ, ਸਰਹਾਲੀ ਅਤੇ ਆਪਣੇ ਪਿੰਡ ਚੱਕ ਨੰਬਰ 140 ਸਮੇਤ ਕਈ ਥਾਵਾਂ @ਤੇ ਖ਼ਾਲਸਾ ਸਕੂਲਾਂ ਦੀ ਸਥਾਪਨਾ ਕੀਤੀ। ਆਪਣੇ ਪਿੰਡ ਦੇ ਸਕੂਲ ਦਾ ਸਾਰਾ ਖ਼ਰਚ ਉਹ ਖੁਦ ਚੁੱਕਦੇ ਸਨ।

1917 ਵਿੱਚ ਲੜਕੀਆਂ ਲਈ ਸਕੂਲ ਖੋਲ੍ਹ ਕੇ ਉਨ੍ਹਾਂ ਨੇ ਇਸਤਰੀ ਸਿੱਖਿਆ ਨੂੰ ਉਤਸ਼ਾਹਿਤ ਕੀਤਾ। ਉਹ ਜਾਤ-ਪਾਤ ਦੇ ਸਖ਼ਤ ਵਿਰੋਧੀ ਸਨ ਅਤੇ ਦਲਿਤ ਭਾਈਚਾਰੇ ਲਈ ਪਿੰਡਾਂ ਦੇ ਖੂਹ ਖੋਲ੍ਹਵਾਏ। ਖੁਦ ਆਪਣੇ ਹੱਥਾਂ ਨਾਲ ਪਾਣੀ ਪਿਲਾ ਕੇ ਉਨ੍ਹਾਂ ਨੇ ਸਮਾਨਤਾ ਅਤੇ ਮਨੁੱਖੀ ਸਨਮਾਨ ਦਾ ਸੰਦੇਸ਼ ਦਿੱਤਾ।

**ਤਿਆਗ ਅਤੇ ਆਰਥਿਕ ਇਮਾਨਦਾਰੀ**

ਸਰਦਾਰ ਤੇਜਾ ਸਿੰਘ ਸਮੁੰਦਰੀ ਦੀ ਨਿਸ਼ਕਾਮਤਾ ਅਦੁੱਤੀ ਸੀ। ਅਕਾਲੀ ਅਖ਼ਬਾਰ ਦੀ ਆਰਥਿਕ ਮਦਦ ਲਈ ਉਨ੍ਹਾਂ ਨੇ ਆਪਣੀ ਜਾਇਦਾਦ ਗਿਰਵੀ ਰੱਖੀ। ਸ਼੍ਰੋਮਣੀ ਕਮੇਟੀ ਦੀ ਪ੍ਰਿਵੀ ਕੌਂਸਲ ਵਿੱਚ ਅਪੀਲ ਲਈ ਵੀ ਉਨ੍ਹਾਂ ਨੇ ਆਪਣੇ ਦੋ ਮੁਰੱਬੇ ਗਿਰਵੀ ਰੱਖ ਕੇ 75,000 ਰੁਪਏ ਦੀ ਜ਼ਮਾਨਤ ਦਿੱਤੀ।

ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਜਦੋਂ ਇਹ ਰਕਮ ਵਾਪਸ ਕਰਨ ਦਾ ਫ਼ੈਸਲਾ ਹੋਇਆ ਤਾਂ ਉਨ੍ਹਾਂ ਦੇ ਪਰਿਵਾਰ ਨੇ ਇਸਨੂੰ ਲੈਣ ਤੋਂ ਇਨਕਾਰ ਕਰ ਦਿੱਤਾ। ਖ਼ੁਦ ਸਰਦਾਰ ਤੇਜਾ ਸਿੰਘ ਸਮੁੰਦਰੀ ਨੇ ਵੀ ਸ਼੍ਰੋਮਣੀ ਕਮੇਟੀ ਲਈ ਕੀਤੀਆਂ ਯਾਤਰਾਵਾਂ ਦਾ ਕਦੇ ਕੋਈ ਭੱਤਾ ਨਹੀਂ ਲਿਆ। ਇਹ ਉਨ੍ਹਾਂ ਦੀ ਨੈਤਿਕਤਾ ਅਤੇ ਸੇਵਾ ਭਾਵਨਾ ਦੀ ਅਨੋਖੀ ਮਿਸਾਲ ਹੈ।

**ਬ੍ਰਿਟਿਸ਼ ਹਿਰਾਸਤ ਵਿੱਚ ਸ਼ਹਾਦਤ**

1923 ਵਿੱਚ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਜੇਲ੍ਹ ਵਿੱਚ ਰੱਖਿਆ ਗਿਆ। ਜਦੋਂ 1926 ਵਿੱਚ ਕਈ ਕੈਦੀਆਂ ਨੇ ਮਾਫ਼ੀਨਾਮੇ ਸਵੀਕਾਰ ਕਰਕੇ ਰਿਹਾਈ ਹਾਸਲ ਕੀਤੀ, ਤਾਂ ਸਰਦਾਰ ਤੇਜਾ ਸਿੰਘ ਸਮੁੰਦਰੀ ਨੇ ਝੁਕਣ ਤੋਂ ਇਨਕਾਰ ਕਰ ਦਿੱਤਾ।

17 ਜੁਲਾਈ 1926 ਨੂੰ ਸਿਰਫ਼ 44 ਸਾਲ ਦੀ ਉਮਰ ਵਿੱਚ ਉਹ ਬ੍ਰਿਟਿਸ਼ ਹਿਰਾਸਤ ਦੌਰਾਨ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਮੌਤ ਦੀ ਖ਼ਬਰ ਨਾਲ ਪੰਜਾਬ ਭਰ ਵਿੱਚ ਸੋਗ ਅਤੇ ਰੋਸ ਦੀ ਲਹਿਰ ਦੌੜ ਗਈ। ਹਜ਼ਾਰਾਂ ਲੋਕ ਉਨ੍ਹਾਂ ਦੀ ਅੰਤਿਮ ਯਾਤਰਾ ਵਿੱਚ ਸ਼ਾਮਲ ਹੋਏ। ਇਸ ਜਨ ਦਬਾਅ ਨੇ ਬ੍ਰਿਟਿਸ਼ ਸਰਕਾਰ ਨੂੰ ਬਾਕੀ ਕੈਦੀਆਂ ਨੂੰ ਵੀ ਬਿਨਾਂ ਸ਼ਰਤ ਰਿਹਾਅ ਕਰਨ ਲਈ ਮਜਬੂਰ ਕਰ ਦਿੱਤਾ।

**ਅਮਰ ਵਿਰਾਸਤ**

ਸਰਦਾਰ ਤੇਜਾ ਸਿੰਘ ਸਮੁੰਦਰੀ ਦੀ ਯਾਦ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ ਦਾ ਨਾਮ ÷ਤੇਜਾ ਸਿੰਘ ਸਮੁੰਦਰੀ ਹਾਲ÷ ਰੱਖਿਆ ਗਿਆ। ਇਹ ਵਿਲੱਖਣ ਸਨਮਾਨ ਦਰਸਾਉਂਦਾ ਹੈ ਕਿ ਸਿੱਖ ਪੰਥ ਵਿੱਚ ਉਨ੍ਹਾਂ ਦੀ ਸੇਵਾ, ਅਗਵਾਈ ਅਤੇ ਕੁਰਬਾਨੀ ਨੂੰ ਕਿੰਨਾ ਉੱਚਾ ਸਥਾਨ ਪ੍ਰਾਪਤ ਹੈ। 1923 ਵਿੱਚ ਉਹ ਉਨ੍ਹਾਂ ਪੰਜ ਪਿਆਰਿਆਂ ਵਿੱਚੋਂ ਇੱਕ ਸਨ ਜਿਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਦੀ ਇਤਿਹਾਸਕ ਕਾਰ ਸੇਵਾ ਦੀ ਸ਼ੁਰੂਆਤ ਕੀਤੀ।

ਉਨ੍ਹਾਂ ਦੇ ਪੋਤੇ ਸਰਦਾਰ ਤਰਨਜੀਤ ਸਿੰਘ ਸੰਧੂ ਨੇ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਵਜੋਂ ਸਹੁੰ ਚੁੱਕਣ ਤੋਂ ਬਾਅਦ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਅਰਦਾਸ ਕਰਦਿਆਂ ਆਪਣੇ ਦਾਦਾ ਅਤੇ ਰਕਾਬ ਗੰਜ ਮੋਰਚੇ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ। ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਇੱਕ ਸਦੀ ਬਾਅਦ ਵੀ ਸਰਦਾਰ ਤੇਜਾ ਸਿੰਘ ਸਮੁੰਦਰੀ ਦੀ ਵਿਰਾਸਤ ਜੀਵੰਤ ਹੈ।ਉਨ੍ਹਾਂ ਦੀ ਸ਼ਹਾਦਤ ਸਾਨੂੰ ਸਿਖਾਉਂਦੀ ਹੈ ਕਿ ਨਿਸ਼ਕਾਮ ਸੇਵਾ ਸਭ ਤੋਂ ਉੱਚਾ ਧਰਮ ਹੈ, ਨੇਤ੍ਰਿਤਵ ਹਉਮੈ ਤੋਂ ਰਹਿਤ ਹੋਣਾ ਚਾਹੀਦਾ ਹੈ ਅਤੇ ਸੱਚ ਤੇ ਨਿਆਂ ਲਈ ਸੰਘਰਸ਼ ਕਦੇ ਨਹੀਂ ਛੱਡਣਾ ਚਾਹੀਦਾ। ਕਿਸੇ ਵੀ ਕੌਮ ਦੀ ਮਹਾਨਤਾ ਉਸ ਦੇ ਮਹਲਾਂ ਨਾਲ ਨਹੀਂ, ਸਗੋਂ ਉਨ੍ਹਾਂ ਮਹਾਨ ਪੁੱਤਰਾਂ ਅਤੇ ਧੀਆਂ ਨਾਲ ਬਣਦੀ ਹੈ ਜੋ ਆਪਣੇ ਲੋਕਾਂ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੰਦੇ ਹਨ।

ਸਰਦਾਰ ਤੇਜਾ ਸਿੰਘ ਸਮੁੰਦਰੀ ਦੀ ਸ਼ਹਾਦਤ ਅਤੇ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਲਈ ਸਦਾ ਪ੍ਰੇਰਣਾ ਦਾ ਸਰੋਤ ਰਹੇਗੀ।

# ਕੌਂਸਲਰ ਕਿਰਨ ਰੰਧਾਵਾ ਦੇ ਸਹਿਯੋਗ ਨਾਲ ਚੈਸਟਰਮੀਅਰ ਦੇ 150 ਬਜ਼ੁਰਗਾਂ ਨੇ ਚੌਥਾ ਇੱਕ ਦਿਨਾਂ ਟੂਰ ਲਗਾਇਆ













ਚੈਸਟਰਮੀਅਰ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਚੈਸਟਰਮੀਅਰ ਸੀਨੀਅਰ ਸਰਵਿਸ ਸੰਸਥਾ ਦੇ ਤਕਰੀਬਨ 150 ਬਜੁਰਗ ਮਰਦ ਔਰਤਾਂ ਵੱਲੋਂ 3 ਬੱਸਾਂ ਰਾਹੀ ਕੌਂਸਲਰ ਕਿਰਨ ਰੰਧਾਵਾ ਦੇ ਸਹਿਯੋਗ ਨਾਲ ਵਾਟਰਟਨ ਦੀਆਂ ਵਾਦੀਆਂ ਦਾ ਇੱਕ ਦਿਨਾਂ ਟੂਰ ਲਗਾਇਆ ਗਿਆ। ਹਰ ਸਾਲ ਦੀ ਤਰਾਂ ਇਸ ਸਾਲ ਵੀ ਸਵੇਰੇ ਸਵੇਰੇ ਤਿੰਨ ਬੱਸਾਂ ਰਾਹੀਂ ਸਵਾਰ ਹੋਕੇ ਪੰਜਾਬੀ ਹੀ ਨਹੀਂ ਸਗੋਂ ਹਰ ਸੱਭਿਆਚਾਰ ਦੇ ਲੋਕ ਇਸ ਟੂਰ ਪਰੋਗਰਾਮ ਹਿੱਸਾ ਬਣੇ। ਕੌਂਸਲਰ ਬਣਨ ਤੋਂ ਪਹਿਲਾਂ ਹੀ ਕਿਰਨ ਰੰਧਾਵਾ ਵੱਲੋਂ ਇਹ ਟੂਰ ਪਰੋਗਰਾਮ ਉਲੀਕਿਆ ਗਿਆ ਸੀ ਜੋ ਉਹਨਾਂ ਦੇ ਕੌਂਸਲਰ ਬਣਨ ਉਪਰੰਤ ਬਜੁਰਗਾਂ ਮੈਂਬਰਾਂ ਦੀ ਗਿਣਤੀ ਨੂੰ ਹਰ ਸਾਲ ਵਧਾਉਂਦਾ ਹੋਇਆ ਲਗਾਤਾਰ ਜਾਰੀ ਹੈ। ਇਸ ਟੂਰ ਪਰੋਗਰਾਮ ਸਬੰਧੀ ਕੌਂਸਲਰ ਕਿਰਨ ਰੰਧਾਵਾ ਦਾ ਕਹਿਣਾ ਹੈ ਕਿ ਅਜਿਹੇ ਪਰੋਗਰਾਮ ਉਲੀਕਣ ਨਾਲ ਬਜੁਰਗਾਂ ਨੂੰ ਘਰਾਂ ਦੀ ਇਕੱਲਤਾ ਵਿੱਚੋਂ ਬਾਹਰ ਨਿਕਲਣ ਦਾ ਸਬੱਬ ਬਣਦਾ ਹੈ। ਬਜੁਰਗ ਸਾਡੇ ਕਨੇਡੀਅਨ ਸੱਭਿਆਚਾਰ ਦਾ ਸਰਮਾਇਆ ਹਨ ਇਸ ਲਈ ਇਹਨਾਂ ਦੀ ਸਾਂਭ ਸੰਭਾਲ,ਅਤੇ ਉਹਨਾਂ ਦੇ ਚਿਹਰਿਆਂ ਉੱਪਰ ਅਜਿਹੇ ਟੂਰ ਪਰੋਗਰਾਮਾਂ ਦੇ ਜਰੀਏ ਰੌਣਕਾਂ ਦਾ ਖਿੜਖੜਾਉਣਾ ਸਾਡੀ ਇਖਲਾਕੀ ਜਿੰਮੇਬਾਰੀ ਵੀ ਹੈ।

# ਤੁਸੀਂ ਹਮੇਸ਼ਾ ਹਵਾਈ ਜਹਾਜ਼ ਦੇ ਖੱਬੇ ਪਾਸੇ ਤੋਂ ਹੀ ਕਿਉਂ ਦਾਖਲ ਹੁੰਦੇ ਹੋ ?




**ਹਰਜਿੰਦਰ ਸਿੰਘ ਬਸਿਆਲਾ-ਔਕਲੈਂਡ,** ਸਮੁੰਦਰੀ ਜਹਾਜ਼ਾਂ ਤੋਂ ਲੈ ਕੇ ਬੋਇੰਗ ਜੈੱਟਾਂ ਤੱਕ ਦੇ ਸਫ਼ਰ ਵਿਚ ਵੀ ਕਈ ਰਾਜ਼ ਛਿਪੇ ਹੋਏ ਹਨ। ਅਕਸਰ ਸਭ ਨੇ ਵੇਖਿਆ ਹੋਣਾ ਹੈ ਕਿ ਅਸੀਂ ਹਮੇਸ਼ਾ ਜਹਾਜ਼ ਦੇ ਖੱਬੇ ਪਾਸੇ ਤੋਂ ਹੀ ਜਹਾਜ਼ ਦੇ ਅੰਦਰ ਦਾਖਲ ਹੁੰਦੇ ਹਾਂ। ਇਹ ਜਾਣਕਾਰੀ ਇਸਦੇ ਇਤਿਹਾਸ ਪੱਖੋਂ ਬਿਲਕੁਲ ਸਹੀ ਹੈ: ਅਸੀਂ ਖੱਬੇ ਪਾਸੇ ਤੋਂ ਜਹਾਜ਼ ਵਿੱਚ ਚੜ੍ਹਦੇ ਹਾਂ ਜਾਂ ਦਾਖਲ ਹੁੰਦੇ ਹਾਂ ਕਿਉਂਕਿ ਪ੍ਰਾਚੀਨ ਸਮੁੰਦਰੀ ਪਰੰਪਰਾ ਦੇ ਅਨੁਸਾਰ ਜਹਾਜ਼ਾਂ ਨੂੰ ਆਪਣੇ ਖੱਬੇ (ਪੋਰਟ) ਪਾਸੇ ਤੋਂ ਬੰਦਰਗਾਹ 'ਤੇ ਲਗਾਇਆ ਜਾਂਦਾ ਸੀ ਤਾਂ ਜੋ ਸੱਜੇ ਪਾਸੇ ਵਾਲੇ ਸਟੀਅਰਿੰਗ ਚੱਪੂ (ਪਤਵਾਰ) ਨੂੰ ਸੁਰੱਖਿਅਤ ਰੱਖਿਆ ਜਾ ਸਕੇ।

ਪਰ ਕੀ ਅੱਜ ਦੇ ਸਮੇਂ ਵਿੱਚ ਏਰੋਸਪੇਸ ਇੰਜੀਨੀਅਰ, ਬੋਇੰਗ ਅਤੇ ਏਅਰਬੱਸ ਇਸੇ ਕਾਰਨ ਕਰਕੇ ਇਸਨੂੰ ਇਸੇ ਤਰ੍ਹਾਂ ਰੱਖਦੇ ਹਨ? ਜਵਾਬ ਹੈ ਪੂਰੀ ਤਰ੍ਹਾਂ ਨਹੀਂ। ਹਾਲਾਂਕਿ ਇਤਿਹਾਸ ਨੇ ਇੱਕ ਮਿਸਾਲ ਕਾਇਮ ਕੀਤੀ ਸੀ, ਪਰ ਆਧੁਨਿਕ ਹਵਾਬਾਜ਼ੀ ਦੀ ਆਰਥਿਕਤਾ, ਸੁਰੱਖਿਆ ਨਿਯਮ ਅਤੇ ਨਿਰਮਾਣ ਦੇ ਮਿਆਰ ਹੀ ਅਜਿਹੇ ਹਨ ਜੋ ਅੱਜ ਵੀ ਖੱਬੇ ਪਾਸੇ ਦੀ ਇਸ ਪ੍ਰਣਾਲੀ ਨੂੰ ਬਰਕਰਾਰ ਰੱਖਦੇ ਹਨ।

ਜਹਾਜ਼ ਨਿਰਮਾਤਾਵਾਂ ਅਤੇ ਰੈਂਪ ਟੈਕਨੀਸ਼ੀਅਨਾਂ ਦੇ ਅਨੁਸਾਰ, ਇਸ ਡਿਜ਼ਾਈਨ ਦੇ ਪਿੱਛੇ ਦੀ ਅਸਲ ਸੱਚਾਈ ਹੇਠ ਲਿਖੇ ਅਨੁਸਾਰ ਹੈ।

## ਰਨਵੇਅ ਦਾ ਸੁਨਹਿਰੀ ਨਿਯਮ: ਆਵਾਜਾਈ ਨੂੰ ਵੱਖ ਕਰਨਾ

ਜੇਕਰ ਤੁਸੀਂ ਉਡਾਣ ਭਰਨ ਤੋਂ ਪਹਿਲਾਂ ਜਹਾਜ਼ ਦੇ ਸੱਜੇ ਪਾਸੇ ਬਾਹਰ ਦੇਖੋਗੇ, ਤਾਂ ਤੁਹਾਨੂੰ ਭਾਰੀ ਮਸ਼ੀਨਰੀ ਦਾ ਇੱਕ ਤਾਲਮੇਲ ਵਾਲਾ ਕੰਮ ਦਿਖਾਈ ਦੇਵੇਗਾ। ਆਧੁਨਿਕ ਹਵਾਈ ਅੱਡੇ ਇੱਕ ਸਖ਼ਤ ਨਿਯਮ 'ਤੇ ਕੰਮ ਕਰਦੇ ਹਨ: ਯਾਤਰੀ ਖੱਬੇ ਪਾਸੇ, ਅਤੇ ਭਾਰੀ ਕੰਮ ਸੱਜੇ ਪਾਸੇ।

**ਸੱਜਾ ਪਾਸਾ (ਕੰਮ ਕਰਨ ਵਾਲਾ ਪਾਸਾ):** ਇਹ ਉਹ ਥਾਂ ਹੈ ਜਿੱਥੇ ਕਾਰਗੋ ਲੋਡਰ, ਸਾਮਾਨ ਲੈ ਜਾਣ ਵਾਲੀਆਂ ਗੱਡੀਆਂ, ਕੇਟਰਿੰਗ ਟਰੱਕ ਅਤੇ ਤੇਲ ਭਰਨ ਵਾਲੀਆਂ ਮਸ਼ੀਨਾਂ ਕੰਮ ਕਰਦੀਆਂ ਹਨ।

**ਖੱਬਾ ਪਾਸਾ (ਯਾਤਰੀਆਂ ਦਾ ਪਾਸਾ):** ਇਸ ਪਾਸੇ ਨੂੰ ਜੈੱਟ ਬ੍ਰਿਜ, ਹਵਾਈ ਪੌੜੀਆਂ ਅਤੇ ਯਾਤਰੀਆਂ ਦੀ ਆਵਾਜਾਈ ਲਈ ਬਿਲਕੁਲ ਸਾਫ਼ ਰੱਖਿਆ ਜਾਂਦਾ ਹੈ।

ਟੈਕਨੀਸ਼ੀਅਨ ਕਹਿੰਦੇ ਹਨ ਕਿ ਯਾਤਰੀਆਂ ਦੀ ਭਾਰੀ ਭੀੜ ਜਾਂ ਜੈੱਟ ਬ੍ਰਿਜ ਦੀ ਲਾਈਨ ਨੂੰ ਕੇਟਰਿੰਗ ਲਿਫਟਾਂ ਅਤੇ ਸਾਮਾਨ ਲੋਡ ਕਰਨ ਵਾਲੇ ਭਾਰੀ ਗਰਾਊਂਡ ਸਰਵਿਸ ਇਕੁਇਪਮੈਂਟ ਨਾਲ ਮਿਲਾਉਣਾ ਸੁਰੱਖਿਆ ਲਈ ਇੱਕ ਵੱਡਾ ਖ਼ਤਰਾ ਹੈ। ਇਹਨਾਂ ਨੂੰ ਪੂਰੀ ਤਰ੍ਹਾਂ ਵੱਖ ਰੱਖਣ ਨਾਲ ਕਿਸੇ ਯਾਤਰੀ ਦੇ ਜ਼ਖਮੀ ਹੋਣ ਜਾਂ ਕੰਮ ਵਿੱਚ ਦੇਰੀ ਹੋਣ ਦਾ ਖ਼ਤਰਾ ਬਹੁਤ ਘੱਟ ਹੋ ਜਾਂਦਾ ਹੈ।

## ਨਿਰਮਾਤਾ ਦਾ ਬਲੂਪ੍ਰਿੰਟ: ਕਾਕਪਿਟ ਦੇ ਮਿਆਰ

ਬੋਇੰਗ ਅਤੇ ਏਅਰਬੱਸ ਵਰਗੇ ਜਹਾਜ਼ ਨਿਰਮਾਤਾਵਾਂ ਲਈ, ਬੋਰਡਿੰਗ (ਜਹਾਜ਼ ਚੜ੍ਹਨ) ਲਈ ਖੱਬੇ ਪਾਸੇ ਨੂੰ ਮਿਆਰੀ ਬਣਾਉਣਾ ਕਾਕਪਿਟ ਅਤੇ ਹਵਾਈ ਅੱਡੇ ਦੇ ਬੁਨਿਆਦੀ ਢਾਂਚੇ ਦੇ ਡਿਜ਼ਾਈਨ ਲਈ ਬਹੁਤ ਮਹੱਤਵਪੂਰਨ ਹੈ।



**ਕਪਤਾਨ ਦੀ ਨਜ਼ਰ:** ਜਹਾਜ਼ ਦਾ ਕਪਤਾਨ ਕਾਕਪਿਟ ਦੀ ਖੱਬੀ ਸੀਟ 'ਤੇ ਬੈਠਦਾ ਹੈ। ਜਦੋਂ ਜਹਾਜ਼ ਨੂੰ ਟਰਮੀਨਲ ਗੇਟ ਵੱਲ ਲਿਜਾਇਆ ਜਾਂਦਾ ਹੈ, ਤਾਂ ਕਪਤਾਨ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਜਹਾਜ਼ ਨੂੰ ਜੈੱਟ ਬ੍ਰਿਜ ਜਾਂ ਗਾਈਡੈਂਸ ਲਾਈਨਾਂ ਦੇ ਬਿਲਕੁਲ ਸਹੀ ਸੇਧ ਵਿੱਚ ਲਿਆਵੇ। ਖੱਬੇ ਪਾਸੇ ਬੈਠਣ ਨਾਲ ਪਾਇਲਟ ਨੂੰ ਸਭ ਤੋਂ ਸਹੀ ਨਜ਼ਰ ਮਿਲਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜਹਾਜ਼ ਯਾਤਰੀਆਂ ਦੇ ਪ੍ਰਵੇਸ਼ ਦੁਆਰ ਨਾਲ ਬਿਲਕੁਲ ਸਹੀ ਤਰ੍ਹਾਂ ਜੁੜ ਜਾਵੇ।

**ਦਰਵਾਜ਼ਿਆਂ ਦੀ ਬਣਤਰ:** ਹਾਲਾਂਕਿ ਵਪਾਰਕ ਜਹਾਜ਼ਾਂ ਦੇ ਸੱਜੇ ਪਾਸੇ ਵੀ ਦਰਵਾਜ਼ੇ ਹੁੰਦੇ ਹਨ, ਪਰ ਉਹਨਾਂ ਦੀ ਬਣਤਰ ਵੱਖਰੀ ਹੁੰਦੀ ਹੈ। ਸੱਜੇ ਪਾਸੇ ਦੇ ਦਰਵਾਜ਼ੇ ਮੁੱਖ ਤੌਰ 'ਤੇ ਐਮਰਜੈਂਸੀ ਨਿਕਾਸ (ਬਚਾਅ ਦੁਆਰ) ਅਤੇ ਸਰਵਿਸ ਪਹੁੰਚ (ਕੇਟਰਿੰਗ ਕਾਰਟਾਂ ਲਈ) ਵਜੋਂ ਤਿਆਰ ਕੀਤੇ ਜਾਂਦੇ ਹਨ। ਉਹ ਅਕਸਰ ਖੱਬੇ ਪਾਸੇ ਦੇ ਮੁੱਖ ਯਾਤਰੀ ਪ੍ਰਵੇਸ਼ ਦੁਆਰਾਂ ਨਾਲੋਂ ਛੋਟੇ ਹੁੰਦੇ ਹਨ ਜਾਂ ਉਹਨਾਂ ਦੀ ਬਣਤਰ ਵੱਖਰੀ ਹੁੰਦੀ ਹੈ।

## ਅਰਬਾਂ ਡਾਲਰਾਂ ਦਾ ਬੁਨਿਆਦੀ ਢਾਂਚਾ :

ਜੇਕਰ ਕੋਈ ਨਿਰਮਾਤਾ ਅਜਿਹਾ ਜਹਾਜ਼ ਬਣਾਉਣਾ ਵੀ ਚਾਹੇ ਜੋ ਸੱਜੇ ਪਾਸੇ ਤੋਂ ਬੋਰਡ ਹੁੰਦਾ ਹੋਵੇ, ਤਾਂ ਵੀ ਹਵਾਬਾਜ਼ੀ ਜਗਤ ਇਸ ਦੀ ਇਜਾਜ਼ਤ ਨਹੀਂ ਦੇਵੇਗਾ। ਦੁਨੀਆ ਦਾ ਹਰ ਵੱਡਾ ਹਵਾਈ ਅੱਡਾ ਟਰਮੀਨਲ ਭੌਤਿਕ ਤੌਰ 'ਤੇ ਖੱਬੇ ਪਾਸੇ ਦੀ ਬੋਰਡਿੰਗ ਦੇ ਹਿਸਾਬ ਨਾਲ ਹੀ ਬਣਾਇਆ ਗਿਆ ਹੈ। ਜੈੱਟ ਬ੍ਰਿਜ ਇਸ ਤਰ੍ਹਾਂ ਬਣਾਏ ਗਏ ਹਨ ਕਿ ਉਹ ਬਾਹਰ ਵੱਲ ਘੁੰਮ ਕੇ ਜਹਾਜ਼ ਦੇ ਅਗਲੇ-ਖੱਬੇ ਅਤੇ ਪਿਛਲੇ-ਖੱਬੇ ਹਿੱਸੇ ਨਾਲ ਜੁੜ ਸਕਣ। ਇਸ ਨੂੰ ਉਲਟਾ ਕਰਨ ਲਈ ਵਿਸ਼ਵ ਭਰ ਦੇ ਹਵਾਈ ਅੱਡਿਆਂ ਦੇ ਡਿਜ਼ਾਈਨ ਨੂੰ ਬਦਲਣ 'ਤੇ ਕਰੋੜਾਂ-ਅਰਬਾਂ ਡਾਲਰਾਂ ਦਾ ਖਰਚਾ ਆਵੇਗਾ। ਅਗਲੀ ਵਾਰ ਜਦੋਂ ਤੁਸੀਂ ਜੈੱਟ ਬ੍ਰਿਜ ਰਾਹੀਂ ਲੰਘੋਗੇ, ਤਾਂ ਜਹਾਜ਼ ਦੇ ਦਰਵਾਜ਼ੇ ਵੱਲ ਜ਼ਰੂਰ ਦੇਖਿਓ। ਬਿਨਾਂ ਕਿਸੇ ਸ਼ੱਕ, ਤੁਸੀਂ ਜਹਾਜ਼ ਵਿੱਚ ਦਾਖਲ ਹੋਣ ਲਈ ਖੱਬੇ ਪਾਸੇ ਹੀ ਮੁੜੋਗੇ। ਭਾਵੇਂ ਵਪਾਰਕ ਹਵਾਈ ਜਹਾਜ਼ਾਂ ਦੇ ਦੋਵਾਂ ਪਾਸਿਆਂ 'ਤੇ ਦਰਵਾਜ਼ੇ ਹੁੰਦੇ ਹਨ, ਪਰ ਯਾਤਰੀਆਂ ਨੂੰ ਹਮੇਸ਼ਾ ਖੱਬੇ ਪਾਸੇ ਤੋਂ ਹੀ ਅੰਦਰ ਭੇਜਿਆ ਜਾਂਦਾ ਹੈ।

ਇਸ ਦੇ ਕਾਰਨ ਨੂੰ ਸਮਝਣ ਲਈ, ਤੁਹਾਨੂੰ ਜੈੱਟ ਇੰਜਣਾਂ ਤੋਂ ਪਰੇ ਦੇਖਣਾ ਹੋਵੇਗਾ ਅਤੇ ਹਜ਼ਾਰਾਂ ਸਾਲ ਪੁਰਾਣੇ ਇਤਿਹਾਸ ਵਿੱਚ ਝਾਤ ਮਾਰਨੀ ਪਵੇਗੀ—ਉਸ ਸਮੇਂ ਜਦੋਂ ਦੁਨੀਆ ਦੀ ਸਭ ਤੋਂ ਉੱਨਤ ਆਵਾਜਾਈ ਸਮੁੰਦਰੀ ਬਾਦਬਾਨਾਂ ਅਤੇ ਚੱਪੂਆਂ ਨਾਲ ਚੱਲਦੀ ਸੀ।

## ਸਮੁੰਦਰੀ ਇਤਿਹਾਸ ਦਾ ਪਿਛੋਕੜ

ਆਧੁਨਿਕ ਪਤਵਾਰ (ਰੂਡਰ) ਦੀ ਕਾਢ ਤੋਂ ਪਹਿਲਾਂ, ਪ੍ਰਾਚੀਨ ਸਮੁੰਦਰੀ ਜਹਾਜ਼ਾਂ—ਰੋਮਨ ਜਹਾਜ਼ਾਂ ਤੋਂ ਲੈ ਕੇ ਵਾਈਕਿੰਗ ਲੌਂਗਸ਼ਿਪਾਂ ਤੱਕ—ਨੂੰ ਚਲਾਉਣ ਲਈ ਪਿਛਲੇ ਹਿੱਸੇ ਦੇ ਸੱਜੇ ਪਾਸੇ ਇੱਕ ਵੱਡੇ ਚੱਪੂ ਦੀ ਵਰਤੋਂ ਕੀਤੀ ਜਾਂਦੀ ਸੀ। ਕਿਉਂਕਿ ਜ਼ਿਆਦਾਤਰ ਮਲਾਹ ਸੱਜੇ-ਹੱਥ ਨਾਲ ਕੰਮ ਕਰਨ ਵਾਲੇ ਹੁੰਦੇ ਸਨ, ਇਸ ਲਈ ਇਹ ਸਟੀਅਰਿੰਗ ਬੋਰਡ (ਜੋ ਹੌਲੀ-ਹੌਲੀ ਬਦਲ ਕੇ ਸਟਾਰਬੋਰਡ ਸ਼ਬਦ ਬਣ ਗਿਆ) ਇਹ ਤੈਅ ਕਰਦਾ ਸੀ ਕਿ ਜਹਾਜ਼ਾਂ ਨੂੰ ਕਿਵੇਂ ਚਲਾਉਣਾ ਹੈ। ਲੱਕੜ ਦੇ ਘਾਟਾਂ ਨਾਲ ਟਕਰਾ ਕੇ ਇਸ ਮਹੱਤਵਪੂਰਨ ਸਟੀਅਰਿੰਗ ਚੱਪੂ ਨੂੰ ਟੁੱਟਣ ਜਾਂ ਨੁਕਸਾਨ ਤੋਂ ਬਚਾਉਣ ਲਈ, ਕਪਤਾਨ ਹਮੇਸ਼ਾ ਆਪਣੇ ਜਹਾਜ਼ਾਂ ਨੂੰ ਖੱਬੇ ਪਾਸੇ ਤੋਂ ਬੰਦਰਗਾਹ ਨਾਲ ਲਗਾਉਂਦੇ ਸਨ। ਇਸ ਦੇ ਨਤੀਜੇ ਵਜੋਂ, ਸਾਰੇ ਯਾਤਰੀ, ਸਾਮਾਨ ਅਤੇ ਰਸਦ ਖੱਬੇ ਪਾਸੇ ਤੋਂ ਹੀ ਲੋਡ ਕੀਤੇ ਜਾਂਦੇ ਸਨ। ਮਲਾਹਾਂ ਨੇ ਇਸ ਨੂੰ ਪੋਰਟ ਸਾਈਡ ਕਿਹਾ—ਜਿਸਦਾ ਸ਼ਾਬਦਿਕ ਅਰਥ ਹੈ ਬੰਦਰਗਾਹ (ਪੋਰਟ) ਵੱਲ ਦਾ ਪਾਸਾ।

ਜਦੋਂ 20ਵੀਂ ਸਦੀ ਵਿੱਚ ਹਵਾਬਾਜ਼ੀ ਦੇ ਯੁੱਗ ਦੀ ਸ਼ੁਰੂਆਤ ਹੋਈ, ਤਾਂ ਸ਼ੁਰੂਆਤੀ ਹਵਾਈ ਅੱਡਿਆਂ ਦੇ ਡਿਜ਼ਾਈਨਰਾਂ ਨੇ ਸਮੁੰਦਰੀ ਸੰਸਾਰ ਦੀ ਇਸ ਸ਼ਬਦਾਵਲੀ ਅਤੇ ਅਭਿਆਸਾਂ ਨੂੰ ਅਪਣਾ ਲਿਆ। ਪਰ ਜਿੱਥੇ ਪੁਰਾਣੀਆਂ ਯਾਦਾਂ ਇੱਕ ਖ਼ੂਬਸੂਰਤ ਚੀਜ਼ ਹਨ, ਉੱਥੇ ਹੀ ਅੱਜ ਦਾ ਅਰਬਾਂ ਡਾਲਰਾਂ ਦਾ ਹਵਾਬਾਜ਼ੀ ਉਦਯੋਗ ਸਿਰਫ਼ ਭਾਵਨਾਵਾਂ ਦੇ ਆਧਾਰ 'ਤੇ ਫੈਸਲੇ ਨਹੀਂ ਲੈਂਦਾ।

## ਰਾਜਨੀਤੀ ਵਿਚ 'ਖੱਬੇ-ਪੱਖੀ' (ਲੈਫਟ-ਵਿੰਗ) ਅਤੇ 'ਸੱਜੇ-ਪੱਖੀ' (ਰਾਈਟ-ਵਿੰਗ)

ਰਾਜਨੀਤਿਕ ਵਿਚਾਰਧਾਰਾਵਾਂ ਨੂੰ ਬਿਆਨ ਕਰਨ ਲਈ ਜੋ ਸ਼ਬਦ ਅਸੀਂ ਵਰਤਦੇ ਹਾਂ—ਜਿਵੇਂ 'ਖੱਬੇ-ਪੱਖੀ' (ਲੈਫਟ-ਵਿੰਗ) ਅਤੇ 'ਸੱਜੇ-ਪੱਖੀ' (ਰਾਈਟ-ਵਿੰਗ)—ਉਹ 1789 ਵਿੱਚ ਫਰਾਂਸੀਸੀ ਕ੍ਰਾਂਤੀ ਦੌਰਾਨ ਬੈਠਣ ਦੀ ਇੱਕ ਖ਼ਾਸ ਵਿਵਸਥਾ ਤੋਂ ਸ਼ੁਰੂ ਹੋਏ ਸਨ।

**ਸ਼ੁਰੂਆਤ:** ਫਰਾਂਸ ਦੀ ਨੈਸ਼ਨਲ ਅਸੈਂਬਲੀ ਵਿੱਚ, ਮੈਂਬਰ ਆਪਣੀ ਵਫ਼ਾਦਾਰੀ ਦੇ ਆਧਾਰ 'ਤੇ ਵੱਖ-ਵੱਖ ਪਾਸੇ ਬੈਠ ਗਏ ਸਨ। ਜਿਹੜੇ ਲੋਕ ਰਾਜੇ, ਪੁਰਾਣੀਆਂ ਪਰੰਪਰਾਵਾਂ ਅਤੇ ਮੌਜੂਦਾ ਵਿਵਸਥਾ ਦੇ ਸਮਰਥਕ ਸਨ, ਉਹ ਅਸੈਂਬਲੀ ਦੇ ਪ੍ਰਧਾਨ ਦੇ ਸੱਜੇ ਪਾਸੇ ਬੈਠੇ। ਦੂਜੇ ਪਾਸੇ, ਜਿਹੜੇ ਲੋਕ ਕ੍ਰਾਂਤੀ, ਬਦਲਾਅ ਅਤੇ ਲੋਕਤੰਤਰੀ ਸੁਧਾਰਾਂ ਦੇ ਸਮਰਥਕ ਸਨ, ਉਹ ਖੱਬੇ ਪਾਸੇ ਬੈਠੇ।

**ਆਧੁਨਿਕ ਸ਼ਾਸਨ:** ਅੱਜ ਵੀ ਦੁਨੀਆ ਭਰ ਦੀਆਂ ਸੰਸਦਾਂ ਵਿੱਚ ਇਹ ਸਰੀਰਕ ਵੰਡ ਇੱਕ ਮਿਆਰ ਹੈ। ਖੱਬੇ-ਪੱਖੀ ਪਾਰਟੀਆਂ (ਜੋ ਸਮਾਜਿਕ ਸਮਾਨਤਾ ਅਤੇ ਪ੍ਰਗਤੀਸ਼ੀਲਤਾ 'ਤੇ ਧਿਆਨ ਦਿੰਦੀਆਂ ਹਨ) ਸਦਨ ਵਿੱਚ ਖੱਬੇ ਪਾਸੇ ਬੈਠਦੀਆਂ ਹਨ, ਜਦੋਂ ਕਿ ਸੱਜੇ-ਪੱਖੀ ਪਾਰਟੀਆਂ (ਜੋ ਰੂੜ੍ਹੀਵਾਦ ਅਤੇ ਪਰੰਪਰਾਵਾਂ 'ਤੇ ਧਿਆਨ ਦਿੰਦੀਆਂ ਹਨ) ਸੱਜੇ ਪਾਸੇ ਬੈਠਦੀਆਂ ਹਨ।

ਸਦ (ਪਾਰਲੀਮੈਂਟ) ਦੇ ਅੰਦਰ ਮੈਂਬਰਾਂ ਦੇ ਬੈਠਣ ਦੀ ਵਿਵਸਥਾ ਬਹੁਤ ਹੀ ਸਪੱਸ਼ਟ ਅਤੇ ਰਵਾਇਤੀ ਨਿਯਮਾਂ ਅਨੁਸਾਰ ਹੁੰਦੀ ਹੈ। ਇਹ ਸਾਰੀ ਵਿਵਸਥਾ ਸਦਨ ਦੇ ਪ੍ਰਧਾਨ, ਯਾਨੀ ਸਪੀਕਰ (Speaker) ਦੀ ਸੀਟ ਦੇ ਮੁਕਾਬਲੇ ਤੈਅ ਕੀਤੀ ਜਾਂਦੀ ਹੈ:

**ਸੱਜੇ ਪਾਸੇ (SpeakerÓs Right):** ਸਰਕਾਰ (Government) ਸਪੀਕਰ ਦੇ ਸੱਜੇ ਪਾਸੇ ਦੇ ਸਾਰੇ ਬੈਂਚ ਸੱਤਾਧਾਰੀ ਧਿਰ ਲਈ ਰਾਖਵੇਂ ਹੁੰਦੇ ਹਨ। ਇਸ ਪਾਸੇ ਦੇਸ਼ ਦੀ ਸਰਕਾਰ ਬਣਾਉਣ ਵਾਲੀ ਪਾਰਟੀ ਜਾਂ ਪਾਰਟੀਆਂ ਦਾ ਗੱਠਜੋੜ ਬੈਠਦਾ ਹੈ। ਸਭ ਤੋਂ ਮੂਹਰਲੀਆਂ ਸੀਟਾਂ (ਜਿਨ੍ਹਾਂ ਨੂੰ ਫਰੰਟ ਬੈਂਚ ਕਿਹਾ ਜਾਂਦਾ ਹੈ) 'ਤੇ ਦੇਸ਼ ਦੇ ਪ੍ਰਧਾਨ ਮੰਤਰੀ (Prime Minister) ਅਤੇ ਉਹਨਾਂ ਦੇ ਕੈਬਨਿਟ ਮੰਤਰੀ ਬੈਠਦੇ ਹਨ। ਉਹਨਾਂ ਦੇ ਪਿੱਛੇ ਵਾਲੀਆਂ ਸੀਟਾਂ (ਬੈਕ ਬੈਂਚ) 'ਤੇ ਸਰਕਾਰ ਦੇ ਹੋਰ ਆਮ ਸੰਸਦ ਮੈਂਬਰ (MPs) ਬੈਠਦੇ ਹਨ।

**ਖੱਬੇ ਪਾਸੇ (SpeakerÓs Left):** ਵਿਰੋਧੀ ਧਿਰ (Opposition) ਸਪੀਕਰ ਦੇ ਖੱਬੇ ਪਾਸੇ ਦੇ ਸਾਰੇ ਬੈਂਚ ਵਿਰੋਧੀ ਪਾਰਟੀਆਂ ਲਈ ਹੁੰਦੇ ਹਨ। ਇਸ ਪਾਸੇ ਮੁੱਖ ਵਿਰੋਧੀ ਧਿਰ ਅਤੇ ਹੋਰ ਦੂਜੀਆਂ ਵਿਰੋਧੀ ਪਾਰਟੀਆਂ ਬੈਠਦੀਆਂ ਹਨ।ਸਪੀਕਰ ਦੇ ਬਿਲਕੁਲ ਸਾਹਮਣੇ ਵਾਲੀ ਟੇਬਲ ਦੇ ਦੂਜੇ ਪਾਸੇ, ਪ੍ਰਧਾਨ ਮੰਤਰੀ ਦੇ ਬਿਲਕੁਲ ਸਾਹਮਣੇ, ਵਿਰੋਧੀ ਧਿਰ ਦੇ ਮੁੱਖ ਆਗੂ (Leader of the Opposition) ਬੈਠਦੇ ਹਨ। ਵਿਰੋਧੀ ਧਿਰ ਦੇ ਫਰੰਟ ਬੈਂਚਾਂ 'ਤੇ ਉਹਨਾਂ ਦੀ 'ਸ਼ੈਡੋ ਕੈਬਨਿਟ' (ਮੁੱਖ ਬੁਲਾਰੇ) ਅਤੇ ਪਿੱਛੇ ਬਾਕੀ ਵਿਰੋਧੀ ਸੰਸਦ ਮੈਂਬਰ ਬੈਠਦੇ ਹਨ।

**ਵਿਚਕਾਰਲਾ ਹਿੱਸਾ ਜਾਂ ਕ੍ਰਾਸਬੈਂਚ (Crossbenches):** ਕੁਝ ਦੇਸ਼ਾਂ ਦੀਆਂ ਸੰਸਦਾਂ ਵਿੱਚ (ਜਿਵੇਂ ਕਿ ਯੂਨਾਈਟਿਡ ਕਿੰਗਡਮ ਜਾਂ ਆਸਟਰੇਲੀਆ), ਜਿਹੜੇ ਮੈਂਬਰ ਨਾ ਤਾਂ ਸਰਕਾਰ ਦਾ ਹਿੱਸਾ ਹੁੰਦੇ ਹਨ ਅਤੇ ਨਾ ਹੀ ਮੁੱਖ ਵਿਰੋਧੀ ਧਿਰ ਦਾ (ਜਿਵੇਂ ਕਿ ਆਜ਼ਾਦ ਉਮੀਦਵਾਰ ਜਾਂ ਛੋਟੀਆਂ ਪਾਰਟੀਆਂ), ਉਹ ਵਿਚਕਾਰਲੇ ਕੋਨੇ ਵਾਲੇ ਬੈਂਚਾਂ 'ਤੇ ਬੈਠਦੇ ਹਨ, ਜਿਨ੍ਹਾਂ ਨੂੰ 'ਕ੍ਰਾਸਬੈਂਚ' ਕਿਹਾ ਜਾਂਦਾ ਹੈ। ਨਿਊਜ਼ੀਲੈਂਡ ਵਰਗੇ ਦੇਸ਼ਾਂ ਵਿੱਚ, ਇਹ ਮੈਂਬਰ ਆਮ ਤੌਰ 'ਤੇ ਸਪੀਕਰ ਦੇ ਖੱਬੇ ਪਾਸੇ ਵਿਰੋਧੀ ਧਿਰ ਵਾਲੇ ਬਲਾਕ ਵਿੱਚ ਹੀ ਆਪਣੀ ਪਾਰਟੀ ਦੇ ਹਿਸਾਬ ਨਾਲ ਬੈਠਦੇ ਹਨ।

# ਪੋਟਾਜ ਕਾਲਜ ਦੇ ਅੰਤਰਰਾਸ਼ਟਰੀ ਵਿਦਿਆਰਥੀ ਸੜਕਾਂ ਉੱਪਰ ਆਣ ਬੈਠੇ ਹਨ





ਹਰਬੰਸ ਬੁੱਟਰ

ਪੋਟਾਜ ਕਾਲਜ ਦਾ ਮਸਲਾ ਹੈ? ਜਿਹੜੇ ਵਿਦਿਆਰਥੀ ਕੈਲਗਰੀ ਜਾਂ ਐਡਮਿੰਟਨ ਦੇ ਵਿੱਚ ਸਾਂਤਮਈ ਪ੍ਰਦਰਸਨ ਕਰਨ ਲਈ ਸੜਕਾਂ ਉੱਪਰ ਆਣ ਖੜੇ ਹਨ, ਇਹ ਪੋਟਾਜ ਕਾਲਜ ਦੇ ਨਾਲ ਸੰਬੰਧਿਤ ਵਿਦਿਆਰਥੀ ਹਨ। ਪੋਟਾਜ ਕਾਲਜ ਦੇ ਵਿੱਚ ਉਹਨਾਂ ਵਿੱਚੋਂ 15 ਮਈ 2024 ਤੋਂ ਬਾਅਦ ਕੋਈ ਵੀ ਇਨਰੋਲ ਨਹੀਂ ਹੋਇਆ,ਜਿਸ ਦੇ ਤਹਿਤ ਉਹਨਾਂ ਨੂੰ ਵਰਕ ਪਰਮਿਟ ਸਬੰਧੀ ਇਨਕਾਰ ਕੀਤਾ ਜਾ ਰਿਹਾ ਹੈ। 7 ਜੁਲਾਈ 2026 ਤੋਂ ਪਹਿਲਾਂ ਉਨਾ ਹੀ ਕਲਾਸਾਂ ਦੇ ਵਿੱਚ ਪੜੇ ਵਿਦਿਆਰਥੀਆਂ ਨੂੰ ਉਹਨਾਂ ਹੀ ਬੈਂਚ ਤੇ ਬੈਠੇ ਇਕੱਠੇ ਵਿਦਿਆਰਥੀਆਂ ਨੂੰ ਵਰਕ ਪਰਮਿਟਾਂ ਦੀਆਂ ਅਪਰੂਵਲ ਆ ਰਹੀਆਂ ਸਨ। ਪਰ 7 ਜੁਲਾਈ 2026 ਨੂੰ ਅਚਾਨਕ ਵਰਕ ਪਰਮਿਟਾਂ ਤੋਂ ਇਨਕਾਰ ਹੋਣ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਵਿਦਿਆਰਥੀਂ ਦਾ ਮੰਨਣਾ ਹੈ ਕਿ ਤਕਰੀਬਨ 99 ਪ੍ਰਤੀਸਤ ਅਪਲਾਈ ਕਰਨ ਵਾਲਿਆਂ ਨੂੰ ਵਰਕ ਪਰਮਿਟ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਇਹ ਕਹਿਕੇ ਜੁਆਬ ਦਿੱਤਾ ਜਾ ਰਿਹਾ ਹੈ ਕਿ ਤੁਸੀਂ ਨੋਨ ਕ੍ਰੈਡਿਟਬਲ ਹੋ ਇਸ ਲਈ ਤੁਸੀ ਪੀ ਜੀ ਡਬਲਿਊ ਪੀ ਲਈ ਯੋਗ ਨਹੀਂ ਹੋ। ਪਰ ਇੱਥੇ ਵਿਦਿਆਰਥੀਆਂ ਦੇ ਦੱਸਣ ਮੁਤਾਬਿਕ ਉਹਨ ਾਂਨਾਲ ਧੱਕਾ ਹੋ ਰਿਹਾ ਹੈ ਕਿਉਂਕਿ ਜਦੋਂ ਉਹਨਾਂ ਨੇ ਉਪਰੋਕਤ ਕਾਲਿਜ ਵਿੱਚ ਦਾਖਿਲਾ ਲਿਆ ਸੀ ਤਾਂ ਉਸ ਵੇਲੇ ਕਾਲਿਜ ਵੱਲੋਂ ਇਹ ਵਿਸਵਾਸ ਦਿਵਾਇਆ ਗਿਆ ਸੀ ਕਿ ਤੁਹਾਨੂੰ ਵਰਕ ਪਰਮਿਟ ਮਿਲੇਗਾ। ਅਸੀਂ 32-32 ਹਜਾਰ ਡਾਲਰ ਕਾਲਿਜ ਨੂੰ ਫੀਸਾਂ ਭਰੀਆਂ ਹਨ ਹੁਣ ਅਸੀਂ ਆਪਣੀ ਪੜਾਈ ਸਬੰਧੀ ਕੈਨੇਡਾ ਵਿੱਚ ਰਹਿਕੇ ਕੁੱਝ ਤਜਰਬਾ ਹਾਸਿਲ ਕਰਨਾ ਚਾਹੁੰਦੇ ਹਾਂ ਪਰ ਸਾਨੂੰ ਵਰਕ ਪਰਮਿਟ ਦੇਣ ਤੋਂ ਕੋਰੀ ਨਾਂਹ ਕੀਤੀ ਜਾ ਰਹੀ ਹੈ। ਜੇਕਰ ਅਸੀਂ 90 ਦਿਨ ਦੇ ਵਿੱਚ ਵਿੱਚ ਆਪਣਾ ਸਟੇਟਸ ਰੀਨਿਊ ਨਹੀਂ ਕਰਵਾ ਸਕਦੇ ਤਾਂ ਸਾਨੂੰ ਕੈਨੇਡਾ ਛੱਡਣਾ ਪੈਣਾ ਹੈ । ਸਾਨੂੰ ਸਾਡੇ ਸੁਪਨੇ ਟੁੱਟਦੇ ਦਿਖਾਈ ਦੇ ਰਹੇ ਹਨ। ਵਿਦਿਆਰਥੀਆਂ ਅਨੁਸਾਰ ਉਹਨਾਂ ਨੇ ਹੁਣ ਤੱਕ ਪੂਰਾ ਕਾਇਦਾ ਕਾਨੂੰਨ ਫਾਲੋਅ ਕੀਤਾ ਹੈ। ਇਮੀਗ੍ਰੇਸ਼ਨ ਸਲਾਹਾਂ ਦੇਣ ਵਾਲੇ ਉਹਨਾਂ ਨੂੰ ਆਪਣਾ ਸਟੇਟਸ ਜਾਰੀ ਰੱਖਣ ਲਈ ਅੱਗੇ ਪੜਾਈ ਜਾਰੀ ਰੱਖਣ ਲਈ ਕਹਿ ਰਹੇ ਹਨ ਪਰ 32 -32 ਹਜਾਰ ਡਾਲਰ ਦੇਕੇ ਪਹਿਲਾਂ ਹੀ ਲੁੱਟੇ ਗਏ ਮਹਿਸੂਸ ਕਰਦੇ ਵਿਦਿਆਰਥੀ ਹੁਣ ਅਗਲੇ ਸਮੈਸਟਰ ਲਈ 16-16 ਹਜਾਰ ਡਾਲਰ ਹੋਰ ਕਿੱਥੋਂ ਲੈਕੇ ਆਉਣ। ਫੈਡਰਲ ਅਤੇ ਸੂਬਾ ਸਰਕਾਰਾਂ ਇਸ ਮਸਲੇ ਸਬੰਧੀ ਆਪਣੇ ਵੋਟ ਬੈਂਕ ਦਾ ਖਿਆਲ ਰੱਖਦੀਆਂ ਹੋਈਆਂ ਹੁੱਬ ਹੁੱਬਕੇ ਨਾਂਹ ਨੁੱਕਰ ਕਰ ਰਹੀਆਂ ਹਨ। ਪਰ ਵਿਦਿਆਰਥੀ ਅਤੇ ਉਹਨਾਂ ਨਾਲ ਸਬੰਧਿਤ ਭਾਈਚਾਰਾ ਚਿੰਤਾ ਵਿੱਚ ਹੈ।

## ਅੰਤਰਰਾਸ਼ਟਰੀ ਵਿਦਿਆਰਥੀ ਪੜ੍ਹਾਈ ਵੀਜ਼ਾ ਖਤਮ ਹੋਣ ਉਪਰੰਤ ਕੈਨੇਡਾ ਛੱਡਕੇ ਚਲੇ ਜਾਣ-ਡੈਨੀਅਲ ਸਮਿੱਥ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ (PGWP) ਤੋਂ ਵਾਂਝੇ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਬਾਰੇ ਆਪਣਾ ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੀਜ਼ੇ ਦੀ ਮਿਆਦ ਖਤਮ ਹੋ ਜਾਂਦੀ ਹੈ ਅਤੇ ਜਿਨ੍ਹਾਂ ਨੂੰ ਸਥਾਈ ਨਿਵਾਸ (PR) ਨਹੀਂ ਮਿਲਦਾ, ਉਨ੍ਹਾਂ ਨੂੰ ਕਾਨੂੰਨੀ ਦਰਜਾ ਖਤਮ ਹੋਣ ਤੋਂ ਬਾਅਦ ਕੈਨੇਡਾ ਛੱਡ ਦੇਣਾ ਚਾਹੀਦਾ ਹੈ। ਹਾਲਾਂਕਿ, ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਇਨ੍ਹਾਂ ਵਿਦਿਆਰਥੀਆਂ ਕੋਲ ਅਲਬਰਟਾ ਨੂੰ ਲੋੜੀਂਦੇ ਹੁਨਰ ਹਨ, ਤਾਂ ਸੂਬਾ ਉਨ੍ਹਾਂ ਨੂੰ ਸਥਾਈ ਨਿਵਾਸ



ਦੇਣ ਲਈ ਸਭ ਤੋਂ ਵਧੀਆ ਸਥਿਤੀ ਵਿੱਚ ਹੈ। ਪ੍ਰੀਮੀਅਰ ਸਮਿਥ ਨੇ ਇਹ ਵੀ ਦੁਹਰਾਇਆ ਕਿ ਅਲਬਰਟਾ ਸਰਕਾਰ ਚਾਹੁੰਦੀ ਹੈ ਕਿ ਸੂਬੇ ਨੂੰ ਆਪਣੀ ਮਜ਼ਦੂਰ ਮਾਰਕੀਟ ਦੀਆਂ ਲੋੜਾਂ ਮੁਤਾਬਕ ਹੁਨਰਮੰਦ ਇਮੀਗ੍ਰੈਂਟ ਚੁਣਨ ਲਈ ਹੋਰ ਅਧਿਕਾਰ ਮਿਲਣ। ਇਹ ਬਿਆਨ ਉਸ ਵੇਲੇ ਆਇਆ ਹੈ ਜਦੋਂ ਅਲਬਰਟਾ ਵਿੱਚ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਸਬੰਧੀ ਵਿਰੋਧ ਪ੍ਰਦਰਸ਼ਨ ਜਾਰੀ ਹਨ ਅਤੇ ਪ੍ਰਦਰਸਨ ਕਰ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਅਰਜ਼ੀਆਂ ਨਾਲ ਗਲਤ ਵਿਵਹਾਰ ਹੋਇਆ ਹੈ ਅਤੇ ਉਹ ਸਰਕਾਰ ਤੋਂ ਕਾਰਵਾਈ ਦੀ ਮੰਗ ਕਰ ਰਹੇ ਹਨ।




ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220



# ਡਾ: ਬਲਵਿੰਦਰ ਕੌਰ ਬਰਾੜ ਨੂੰ ਉਸਦੇ ਵਿਦਿਆਰਥੀਆਂ ਵੱਲੋਂ ਸਨਮਾਨਿਤ ਕੀਤਾ ਗਿਆ











ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 25 ਜੁਲਾਈ 2026 ਵਾਲੇ ਦਿਨ ਇੰਕਾ ਸੀਨੀਅਰ ਸੋਸਾਇਟੀ ਵਿਖੇ ਡਾਕਟਰ ਬਲਵਿੰਦਰ ਕੌਰ ਬਰਾੜ ਅਤੇ ਉਹਨਾਂ ਦੀ ਬੇਟੀ ਦਿਵਦੀਪ ਕੌਰ ਮਾਨ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੁਰਾਣੇ ਵਿਦਿਆਰਥੀਆਂ ਵੱਲੋਂ ਸਨਮਾਨ ਕੀਤਾ ਗਿਆ। । ਸੁਖਰਾਮ ਸਿੰਘ ਸੰਧੂ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਆਪਣੀਆਂ ਪੰਜਾਬੀ ਯੂਨੀਵਰਸਿਟੀ ਨਾਲ ਬਤਾਏ ਹੋਏ ਦਿਨਾਂ ਨੂੰ ਯਾਦ ਕੀਤਾ ਅਤੇ ਸੁਰਜੀਤ ਪਾਤਰ ਦੀ ਗਜਲ ਸੁਣਾ ਕੇ ਵਾਹ ਵਾਹ ਖੱਟੀ। ਡਾਕਟਰ ਮੁਖਤਿਆਰ ਸਿੰਘ ਨੇ ਮੈਡਮ ਬਰਾੜ ਬਾਰੇ ਪੇਪਰ ਪੜ੍ਹਿਆ ਜਿਸ ਵਿੱਚ ਉਹਨਾਂ ਮੈਡਮ ਬਰਾੜ ਨਾਲ ਜੁੜੀਆਂ ਬਹੁਤ ਮਹੱਤਵਪੂਰਨ ਅਤੇ ਦਿਲਚਸਪ ਯਾਦਾਂ ਦਾ ਰੰਗ ਬੰਨਿਆ। ਡਾਕਟਰ ਮੁਖਤਿਆਰ ਤੋਂ ਬਾਅਦ ਬੇਟੀ ਸਲੋਨੀ ਗੌਤਮ ਨੇ ਆਪਣੀ ਕਵਿਤਾ ਸਾਂਝੀ ਕਰਕੇ ਖੂਬ ਰੰਗ ਬੰਨਿਆ। । ਡਾਕਟਰ ਸਰਬਜੀਤ ਕੌਰ ਨੇ ਮੈਡਮ ਬਰਾੜ ਦੇ ਸਾਹਿਤਕ ਸਫਰ ਦੀ ਗੱਲ ਕਰਦਿਆਂ ਉਹਨਾਂ ਦੀ ਚੰਗੀ ਸਿਹਤ ਦੀ ਕਾਮਨਾ ਕੀਤੀ ਅਤੇ ਕਿਹਾ ਕਿ ਮੈਡਮ ਬਰਾੜ ਇਸ ਤਰਾਂ ਹੀ ਆਪਣਾ ਸਾਹਿਤਕ ਸਫਰ ਜਾਰੀ ਰੱਖਣਗੇ, ਅਸੀਂ ਉਹਨਾਂ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ। ਕੈਲਗਰੀ ਗੁਰੂ ਘਰ ਦੇ ਚੇਅਰਮੈਨ ਰਣਬੀਰ ਸਿੰਘ ਪਰਮਾਰ ਨੇ ਵੀ ਮੈਡਮ ਬਰਾੜ ਵੱਲੋਂ ਪਾਏ ਹੋਏ ਯੋਗਦਾਨ ਦਾ ਜ਼ਿਕਰ ਕੀਤਾ ਅਤੇ ਵਿਦਿਆਰਥੀਆਂ ਦੀ ਚੱਲ ਰਹੀ ਹੜਤਾਲ ਖਤਮ ਕਰਵਾਉਣ ਵਿੱਚ ਉਹਨਾਂ ਦੇ ਯੋਗਦਾਨ ਦਾ ਜਿਕਰ ਕੀਤਾ। ਕੈਲਗਰੀ ਤੋਂ ਐਮਐਲਏ ਪਰਮੀਤ ਸਿੰਘ ਬੋਪਾਰਾਏ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਮਾਸਟਰ ਬਚਿੱਤਰ ਸਿੰਘ ਗਿੱਲ ਨੇ ਆਪਣੇ ਰਵਾਇਤੀ ਅੰਦਾਜ਼ ਵਿੱਚ ਕਵੀਸ਼ਰੀ "ਆ ਗਏ ਕਨੇਡਾ ਨੂੰ ਛੱਡ ਕੇ ਪਿੰਡ ਵਿੱਚ ਲਈ ਸਰਦਾਰੀ" ਸੁਣਾ ਕੇ ਖੂਬ ਤਾੜੀਆਂ ਬਟੋਰੀਆਂ। ਡਾਕਟਰ ਹਰਜਿੰਦਰ ਪਾਲ ਸਿੰਘ ਨੇ ਆਪਣਾ ਪੰਜਾਬੀ ਦਾ ਗੀਤ ਸੁਣਾਇਆ। ਆਰਿਫ ਮਲਿਕ ਨੇ ਸੁਲਤਾਨ ਬਾਹੂ ਇੰਨੀ ਬੁਲੰਦ ਆਵਾਜ ਵਿੱਚ ਗਾਇਆ ਕਿ ਹਾਜਰੀਨ ਦੀਆਂ ਤਾੜੀਆਂ ਦੀ ਗੜਗੜਾਹਟ ਹਾਲ ਵਿੱਚ ਗੂੰਜਣ ਲੱਗੀ। ਮੈਡਮ ਬਲਵਿੰਦਰ ਕੌਰ ਬਰਾੜ ਅਤੇ ਉਹਨਾਂ ਦੀ ਬੇਟੀ ਜੋ ਕਿ ਇੰਗਲੈਂਡ ਤੋਂ ਆਈ ਹੋਈ ਸੀ, ਦੋਵਾਂ ਮਾਵਾਂ ਧੀਆਂ ਦਾ ਸਨਮਾਨ ਕੀਤਾ ਗਿਆ। ਮੈਡਮ ਬਲਵਿੰਦਰ ਕੌਰ ਬਰਾੜ ਨੇ ਆਪਣੇ ਸਨਮਾਨ ਬਾਰੇ ਬੋਲਦਿਆਂ ਜਿੱਥੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਅਤੇ ਆਪਣੇ ਜ਼ਿੰਦਗੀ ਦੇ ਤਜਰਬੇ ਸਾਂਝੇ ਕੀਤੇ। ਉਹਨਾਂ ਕਿਹਾ ਕਿ ਅੱਜ ਦੇ ਡਿਸਪੋਜਬਲ ਯੁਗ ਦੇ ਵਿੱਚ ਮੈਨੂੰ ਆਪਣੇ ਰਿਸ਼ਤਿਆਂ ਦਾ ਨਿੱਘ ਮਹਿਸੂਸ ਹੋਇਆ ਹੈ। ਮੈਂ ਪੁਰਾਣੇ ਵਿਦਿਆਰਥੀਆਂ ਦੀ ਸਦਾ ਹੀ ਧੰਨਵਾਦੀ ਰਹਾਂਗੀ। ਬੇਟੀ ਦਿਵਦੀਪ ਨੇ ਵੀ ਸਨਮਾਨ ਮਿਲਣ ਤੇ ਸਭ ਦਾ ਧੰਨਵਾਦ ਕੀਤਾ। ਪ੍ਰੋਫੈਸਰ ਕੁਲਦੀਪ ਸਿੰਘ ਚਾਨੇ ਨੇ ਸਰਜੀਤ ਪਾਤਰ ਦੀ ਗਜ਼ਲ ਸੁਣਾ ਕੇ ਮੇਲਾ ਲੁੱਟਿਆ। ਪੰਜਾਬੀ ਅਖ਼ਬਾਰ ਵਿੱਚ ਮੈਡਮ ਬਲਵਿੰਦਰ ਕੌਰ ਬਰਾੜ ਦੇ ਪਿਛਲੇ 5 ਸਾਲਾਂ ਤੋਂ ਲਗਾਤਾਰ ਛਪਦੇ ਕਾਲਮ "ਉਹ ਵੇਲਾ ਯਾਦ ਕਰ" ਦੇ ਹਵਾਲੇ ਨਾਲ ਅੱਜ ਦੇ ਵਿਸ਼ੇਸ਼ ਸਨਮਾਨ ਸਮਾਰੋਹ ਲਈ ਹਰਬੰਸ ਬੁੱਟਰ ਨੇ ਵੀ ਉਹਨਾਂ ਨੂੰ ਵਧਾਈ ਦਿੱਤੀ। ਬਿੱਕਰ ਸਿੰਘ ਸੰਧੂ ਨੇ ਮੈਡਮ ਬਰਾੜ ਨਾਲ ਆਪਣੀਆਂ ਨਿੱਜੀ ਅਤੇ ਪਰਿਵਾਰਿਕ ਸਾਂਝਾਂ ਦੀ ਗੱਲ ਕੀਤੀ। ਮਲਕੀਤ ਸਿੰਘ ਨੇ ਸਭ ਦਾ ਧੰਨਵਾਦ ਕੀਤਾ। ਇੰਕਾ ਸੀਨੀਅਰ ਸੋਸਾਇਟੀ ਦੇ ਪ੍ਰਧਾਨ ਸੈਕਟਰੀ ਅਤੇ ਮੈਂਬਰਾਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਸਮਾਗਮ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਸਾਰੇ ਪੁਰਾਣੇ ਵਿਦਿਆਰਥੀ ਜਿਹੜੇ ਕਿ ਕੈਲਗਰੀ ਵਿੱਚ ਰਹਿੰਦੇ ਹਨ ਹਾਜਿਰ ਹੋਏ ਜਿਨਾਂ ਵਿੱਚ ਹਰਪਿੰਦਰ ਗਿੱਲ, ਚਮਕੌਰ ਮਾਨ, ਹਰਦੀਪ ਸਿੱਧੂ, ਆਲਮ ਸੰਧੂ, ਮਲਕੀਤ ਸੈਣੀ, ਰਕੇਸ਼ ਗੌਤਮ, ਭੰਗੂ ਸਾਹਿਬ, ਅਤੇ ਹੋਰ ਬਹੁਤ ਸਾਰੇ ਲੇਡੀਜ ਮੈਂਬਰ ਮੌਜੂਦ ਸਨ ਜਿਨਾਂ ਨੇ ਆਪਣੇ ਇਸ ਸਮਾਗਮ ਪ੍ਰਤੀ ਆਪਣੀ ਸਾਰੀਆਂ ਵੱਖ ਵੱਖ ਜਿੰਮੇਵਾਰੀਆਂ ਨਿਭਾਉਂਦੇ ਹੋਏ ਇਸ ਸਮਾਗਮ ਨੂੰ ਸਫਲ ਬਣਾਉਣ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ । ਕੈਲਗਰੀ ਦੀਆਂ ਵੱਖ-ਵੱਖ ਸਭਾਵਾਂ ਦੇ ਮੈਂਬਰ ਅਤੇ ਅਹੁਦੇਦਾਰ ਹਾਜਿਰ ਸਨ। ਸਟੇਜ ਸੈਕਟਰੀ ਦੀ ਸੇਵਾ ਡਾਕਟਰ ਮੁਖਤਿਆਰ ਸਿੰਘ ਬੱਡੂਵਾਲੀਏ ਨੇ ਖੂਬ ਨਿਭਾਈ।

# ਗੱਲ ਤਾਂ ਪਰਦੇ ਦੀ ਹੀ ਹੈ !

TWC
TIMELESS WINDOW COVERINGS

ਘਰ ਨਵਾਂ ਹੋਵੇ ਜਾਂ
ਪੁਰਾਣਾ ਉਹਦੀ ਦਿੱਖ
ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ
ਦੀ ਬੇ-ਸ਼ੁਮਾਰ ਵਰਾਇਟੀ ਹੈ

ਕਾਲ: 403 953 1000

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ
ਆਕੇ ਹੀ ਤੁਹਾਨੂੰ ਡਿਜ਼ਾਈਨ
ਦਿਖਾਕੇ ਤੁਹਾਡੀ
ਪਸੰਦ ਦੇ ਬਲਾਈਂਡ
ਬਣਾਕੇ ਦੇਣਗੇ।

E Mail: Contact@twcoverings.com
Web: www.twcoverings.com
Timelesswindowcoverings

# ਰਿਸ਼ਤੇ ਦਾ ਬਾਰ੍ਹਵਾਂ ਖਿਡਾਰੀ, ਜਦੋਂ ਪਿਆਰ ਤੁਹਾਨੂੰ ਮੈਦਾਨ ਵਿੱਚ ਨਹੀਂ, ਬੈਂਚ 'ਤੇ ਹੀ ਬਿਠਾਈ ਰੱਖੇ



ਗੁਰਮੀਤ ਬਰਾੜ
likhtam@hotmail.com

ਹਰ ਕ੍ਰਿਕਟ ਟੀਮ ਵਿੱਚ ਇੱਕ ਖਿਡਾਰੀ ਅਜਿਹਾ ਵੀ ਹੁੰਦਾ ਹੈ ਜੋ ਮੈਚ ਨਹੀਂ ਖੇਡਦਾ, ਪਰ ਟੀਮ ਨਾਲ ਦਿਨ-ਰਾਤ ਪਸੀਨਾ ਵਹਾਉਂਦਾ ਹੈ, ਉਹੀ ਵਰਦੀ ਪਾਉਂਦਾ ਹੈ, ਟੀਮ ਨਾਲ ਹੀ ਤੁਰਦਾ-ਫਿਰਦਾ ਹੈ - ਪਰ ਜਦੋਂ ਖੇਡ ਸ਼ੁਰੂ ਹੁੰਦੀ ਹੈ ਤਾਂ ਬਾਹਰ ਹੀ ਖੜ੍ਹਾ ਰਹਿ ਜਾਂਦਾ ਹੈ। ਅੱਜ ਦੇ ਜ਼ਮਾਨੇ ਵਿੱਚ ਇਸ ਭੁੱਲੇ-ਵਿਸਰੇ ਖਿਡਾਰੀ ਦੀ ਕਹਾਣੀ ਮੁੜ ਜਿਊਂਦੀ ਹੋ ਗਈ ਹੈ। ਮਨ ਦੇ ਮਾਹਿਰ ਇਸਨੂੰ 'ਬੈਂਚਿੰਗ' ਦਾ ਨਾਂ ਦਿੰਦੇ ਹਨ - ਭਾਵ ਕੋਈ ਬੰਦਾ ਕਿਸੇ ਨਾਲ ਘੁੰਮਦਾ-ਫਿਰਦਾ, ਹੱਸਦਾ-ਬੋਲਦਾ ਤਾਂ ਹੈ, ਪਰ ਦਿਲੋਂ ਕਦੇ ਗੰਢ ਬੰਨ੍ਹਣ ਦੀ ਸੋਚਦਾ ਹੀ ਨਹੀਂ। ਬੈਂਚ 'ਤੇ ਬੈਠਾ ਸਾਥੀ ਕੰਢਿਆਂ 'ਤੇ ਜੀਵਨ ਗੁਜ਼ਾਰਦਾ ਹੈ, ਟੁੱਟਵੇਂ ਪਿਆਰ ਅਤੇ 'ਕਦੇ ਨਾ ਕਦੇ ਹੋ ਹੀ ਜਾਵੇਗਾ' ਦੇ ਭਰੋਸੇ ਦੇ ਸਹਾਰੇ। ਆਨਲਾਈਨ ਡੇਟਿੰਗ ਅਤੇ ਬੇਹੱਦ ਬਦਲਾਂਵਾਂ ਦੇ ਇਸ ਜ਼ਮਾਨੇ ਵਿੱਚ ਇਹ ਵਿਚਾਲੜੀ ਹਾਲਤ ਦਿਨੋ-ਦਿਨ ਵਧਦੀ ਜਾ ਰਹੀ ਹੈ। ਇਹ ਲੋਕ ਖੇਡ ਦੇ ਓਨੇ ਨੇੜੇ ਤਾਂ ਹੁੰਦੇ ਹਨ ਜਿੰਨਾ ਬਾਰ੍ਹਵਾਂ ਖਿਡਾਰੀ, ਪਰ ਖੇਡ ਵਿੱਚ ਥਾਂ ਕਦੇ ਨਹੀਂ ਮਿਲਦੀ।

### ਮੈਚ ਜੋ ਕਦੇ ਸ਼ੁਰੂ ਹੀ ਨਹੀਂ ਹੁੰਦਾ

ਕੁਝ ਬਿਜਲੀ ਵਾਂਗ ਇੱਕੋ ਝਟਕੇ ਵਿੱਚ ਆਉਂਦੇ ਹਨ - ਗੱਲ ਸਾਫ਼, ਗੱਲ ਮੁੱਕੀ। ਪਰ ਕੁਝ ਚੁੱਪ-ਚੁਪੀਤੇ, ਆਸ ਦਾ ਪਰਦਾ ਪਾ ਕੇ ਆਉਂਦੇ ਹਨ। ਕਦੇ 'ਹਾਏ' ਲਿਖ ਭੇਜਣਗੇ, ਫੇਰ ਬਿਨਾਂ ਕੁਝ ਦੱਸੇ ਗਾਇਬ ਹੋ ਜਾਣਗੇ, ਫੇਰ ਦਿਲ ਨਿੱਘਾ ਕਰਦੇ 'ਤੇਰੀ ਬਹੁਤ ਯਾਦ ਆਈ ਸੀ ' ਨਾਲ ਮੁੜ ਆਉਣਗੇ, ਤੇ ਇਸ ਤੋਂ ਪਹਿਲਾਂ ਕਿ ਤੁਸੀਂ ਪੁੱਛ ਸਕੋ 'ਗੱਲ ਕਿੱਥੋਂ ਤਕ ਪਹੁੰਚੀ ?', ਫੇਰ ਗਾਇਬ। ਇਹ ਉਹ ਰਿਸ਼ਤੇ ਹਨ ਜਿਨ੍ਹਾਂ ਦਾ ਕੋਈ ਵਜੂਦ ਹੀ ਨਹੀਂ ਹੁੰਦਾ, ਬੱਸ ਲਟਕਦੇ ਹੀ ਰਹਿੰਦੇ ਹਨ। ਹਰ ਕ੍ਰਿਕਟ ਦੇ ਸ਼ੌਕੀਨ ਨੂੰ ਪਤਾ ਹੈ ਬਾਰ੍ਹਵੇਂ ਖਿਡਾਰੀ ਦਾ ਰੋਲ ਕੀ ਹੁੰਦਾ। ਟੀਮ ਦੀ ਵਰਦੀ ਪਾਉਂਦਾ, ਦਸਤੇ ਨਾਲ ਪਸੀਨਾ ਵਹਾਉਂਦਾ, ਜਿੱਤ 'ਤੇ ਗਲੇ ਲੱਗਦਾ, ਡਰੈਸਿੰਗ ਰੂਮ ਦਾ ਹਿੱਸਾ ਬਣਦਾ। ਦੂਰੋਂ ਦੇਖਿਆਂ ਓਨਾ ਹੀ ਖ਼ਾਸ ਲੱਗਦਾ ਜਿੰਨੇ ਖੇਡਦੇ ਹੋਏ ਗਿਆਰਾਂ ਖਿਡਾਰੀ । ਪਰ ਜਿਓਂ ਹੀ ਅੰਪਾਇਰ 'ਪਲੇ' ਬੋਲੇ, ਉਹ ਬਾਊਂਡਰੀ ਲਾਈਨ ਦੇ ਬਾਹਰ ਹੀ ਖੜ੍ਹਾ ਰਹਿ ਜਾਂਦਾ, ਦੂਜਿਆਂ ਨੂੰ ਉਸ ਖੇਡ ਵਿੱਚ ਹਿੱਸਾ ਲੈਂਦੇ ਦੇਖਦਾ ਜਿਸ ਲਈ ਉਸਨੇ ਖ਼ੁਦ ਲਹੂ-ਪਸੀਨਾ ਇੱਕ ਕੀਤਾ ਸੀ। ਉਸਦੀ ਕਿਸਮਤ ਹਮੇਸ਼ਾ 'ਲਗਭਗ' 'ਤੇ ਹੀ ਅਟਕੀ ਰਹਿੰਦੀ, ਮੌਕਾ ਹਮੇਸ਼ਾ 'ਅਗਲੀ ਵਾਰ' 'ਤੇ ਟਲ ਜਾਂਦਾ।

ਰਿਸ਼ਤੇ ਵਿੱਚ ਬੈਂਚਿੰਗ ਵੀ ਬਿਲਕੁਲ ਇਹੋ ਜਿਹੀ ਹੀ ਪੀੜ ਦਿੰਦੀ ਹੈ। ਤੁਸੀਂ ਇੰਨੇ ਨੇੜੇ ਹੁੰਦੇ ਹੋ ਕਿ ਦਿਲ ਧੜਕਦਾ ਰਹਿੰਦਾ, ਪਰ ਕਦੇ ਏਨੇ ਖ਼ਾਸ ਨਹੀਂ ਹੁੰਦੇ ਕਿ ਚੁਣ ਲਏ ਜਾਓ। ਧਿਆਨ ਮਿਲਦਾ ਹੈ , ਵਾਅਦਾ ਨਹੀਂ। ਗੱਲਾਂ ਮਿਲਦੀਆਂ ਨੇ , ਭਰੋਸਾ ਨਹੀਂ। ਕਿਸੇ ਦੇ ਦਿਲ ਦੀ ਦੇਹਲੀ ਤੱਕ ਸੱਦਾ ਮਿਲਦਾ, ਪਰ ਅੰਦਰ ਕਦੇ ਵਾੜਿਆ ਨਹੀਂ ਜਾਂਦਾ। ਨਾ ਪੂਰਾ ਸਾਥ, ਨਾ ਪੂਰਾ ਵਿਛੋੜਾ - ਬੱਸ ਉਡੀਕ ਦੀ ਸਲੀਬ 'ਤੇ ਟੰਗੇ ਰਹਿੰਦੇ ਹੋ, ਜਿੱਥੇ ਹਰ ਲੰਘਦਾ ਦਿਨ ਕੰਨ ਵਿੱਚ ਫੁਸਫੁਸਾਉਂਦਾ 'ਬੱਸ ਹੁਣੇ ਵਾਰੀ ਆਉਣ ਵਾਲੀ ਹੈ', ਤੇ ਹਰ ਲੰਘਦਾ ਮਹੀਨਾ ਚੁੱਪ-ਚੁਪੀਤੇ ਇਸਦੇ ਉਲਟ ਸਾਬਤ ਕਰਦਾ ਜਾਂਦਾ।

### ਨਾ ਖੇਡਾ, ਨਾ ਵਿਛੋੜਾ

ਮੂੰਹ 'ਤੇ ਬੰਦ ਕੀਤਾ ਦਰਵਾਜ਼ਾ 'ਗੋਸਟਿੰਗ' ਹੈ। ਪਰ ਜਾਣ-ਬੁੱਝ ਕੇ ਅੱਧਾ-ਖੁੱਲ੍ਹਾ ਛੱਡਿਆ ਦਰਵਾਜ਼ਾ 'ਬੈਂਚਿੰਗ' ਹੈ। ਬੈਂਚ ਕਰਨ ਵਾਲੇ ਨੂੰ ਪਤਾ ਹੁੰਦਾ ਹੈ ਕਿ ਜੇ ਪੂਰੀ ਤਰ੍ਹਾਂ ਪਿੱਠ ਮੋੜ ਲਈ ਤਾਂ ਖੇਡ ਖ਼ਤਮ। ਇਸ ਲਈ ਉਹ ਗੈਰ-ਹਾਜ਼ਰੀ ਨੂੰ ਵੀ ਬੜੀ ਹੁਸ਼ਿਆਰੀ ਨਾਲ ਸਾਂਭਦੇ ਹਨ। ਏਨਾ ਪਿਆਰ ਵਰ੍ਹਾ ਦੇਣਗੇ ਕਿ ਧਾਗਾ ਟੁੱਟੇ ਨਾ, ਪਰ ਏਨਾ ਵੀ ਨਹੀਂ ਕਿ ਕੋਈ ਪੱਕੀ ਗੰਢ ਪਵੇ। ਅੱਧੀ ਰਾਤ ਦਾ ਇੱਕ ਸੁਨੇਹਾ - ' ਤੇਰੀ ਬਹੁਤ ਯਾਦ ਆਈ ਸੀ '। ਜਨਮਦਿਨ ਦੀ ਵਧਾਈ, ਜੋ ਸੁੱਤੀਆਂ ਭਾਵਨਾਵਾਂ ਨੂੰ ਮੁੜ ਜਗਾ ਦਿੰਦੀ। ਤਿੰਨ ਹਫ਼ਤੇ ਦੀ ਚੁੱਪ ਤੋੜਦੀ ਅਚਾਨਕ ਫ਼ੋਨ ਦੀ ਘੰਟੀ। 'ਬਹੁਤ ਛੇਤੀ ਮਿਲਦੇ ਹਾਂ' ਦਾ ਵਾਅਦਾ, ਜੋ ਕਦੇ ਕੈਲੰਡਰ 'ਤੇ ਉੱਤਰਦਾ ਹੀ ਨਹੀਂ।

ਇਹ ਨਿੱਕੇ-ਨਿੱਕੇ ਟੋਟੇ ਵੀ ਬੜਾ ਡੂੰਘਾ ਅਸਰ ਪਾ ਜਾਂਦੇ ਹਨ। ਬੈਂਚ 'ਤੇ ਬੈਠਾ ਬੰਦਾ ਆਪਣੇ ਆਪ ਨੂੰ ਰੇਗਿਸਤਾਨ ਵਿੱਚ ਭਟਕਦਾ ਮਹਿਸੂਸ ਕਰਨ ਲੱਗਦਾ, ਪਾਣੀ ਲੱਭਦਾ ਤੇ ਹਰ ਵਾਰ ਥੋੜ੍ਹਾ ਜਿਹਾ ਧਿਆਨ ਮਿਲਦਿਆਂ ਹੀ ਲੱਗਦਾ 'ਬੱਸ ਪਾਣੀ ਨੇੜੇ ਹੀ ਹੈ'। ਸੁਣੀਆਂ ਗੱਲਾਂ ਨੂੰ ਵਾਰ-ਵਾਰ ਫਰੋਲਦੇ, ਹਰ ਸ਼ਬਦ ਦੀ ਗੁੱਥੀ ਸੁਲਝਾਉਣ ਦੀ ਕੋਸ਼ਿਸ਼ ਕਰਦੇ। ਪ੍ਰੋਗਰਾਮ ਰੱਦ ਹੋਏ ਤਾਂ ਵੀ ਚੁੱਪ ਚਾਪ ਮੰਨ ਲੈਂਦੇ। ਲੰਬੀਆਂ ਖ਼ਾਮੋਸ਼ੀਆਂ ਵੀ ਪੀ ਜਾਂਦੇ। ਹੌਲੀ-ਹੌਲੀ ਸਵਾਲ ਦਾ ਰੁਖ਼ ਬਦਲ ਜਾਂਦਾ, 'ਹੈ ਵੀ ਕੋਈ ਰਿਸ਼ਤਾ ?' ਤੋਂ 'ਸ਼ੁਰੂ ਕਦੋਂ ਹੋਵੇਗਾ ?' ਲੱਗਦਾ ਜਿਵੇਂ ਫ਼ਿਲਮ ਦਾ ਟ੍ਰੇਲਰ ਤਾਂ ਵੇਖ ਲਿਆ, ਪਰ ਫ਼ਿਲਮ ਦੀ ਰਿਲੀਜ਼ ਵਾਰ-ਵਾਰ ਟਲਦੀ ਹੀ ਜਾ ਰਹੀ ਹੋਵੇ।

### ਖੇਡ ਦੇ ਪਿੱਛੇ ਦਾ ਭੇਤ

ਹਰ ਬੈਂਚ ਕਰਨ ਵਾਲਾ ਚਾਲਬਾਜ਼ ਨਹੀਂ ਹੁੰਦਾ। ਕਈਆਂ ਦੇ ਅੰਦਰ ਬੱਸ ਆਪਣਾ ਹੀ ਡਰ, ਆਪਣੀ ਹੀ ਕੱਚੀ ਸਿਆਣਪ ਬੋਲਦੀ ਹੈ। ਪਰ ਕਾਰਨ ਸਮਝ ਲੈਣ ਨਾਲ ਦਰਦ ਘੱਟ ਥੋੜ੍ਹਾ ਹੋ ਜਾਂਦਾ ਹੈ।

ਸਭ ਤੋਂ ਵੱਡਾ ਕਾਰਨ ਹੈ - ਬੱਝਣ ਦਾ ਡਰ। ਕਈਆਂ ਨੂੰ ਨੇੜਤਾ ਤਾਂ ਚਾਹੀਦੀ ਹੈ, ਪਰ ਜਿਓਂ ਹੀ ਜ਼ਿੰਮੇਵਾਰੀ ਦੀ ਗੱਲ ਆਵੇ, ਪੈਰ ਪਿੱਛੇ ਖਿੱਚ ਲੈਂਦੇ ਹਨ। ਇੱਕੋ ਦੇ ਹੋ ਕੇ ਰਹਿ ਜਾਣਾ ਉਨ੍ਹਾਂ ਨੂੰ ਗਲ਼ ਦਾ ਰੱਸਾ ਲੱਗਦਾ ਹੈ। ਭਵਿੱਖ ਦੀਆਂ ਗੱਲਾਂ ਸੁਣਦਿਆਂ ਹੀ ਸਾਹ ਸੂਤਿਆ ਜਾਂਦਾ। ਪਿਆਰ ਲੈਣਾ ਚਾਹੁੰਦੇ, ਸਮਝੇ ਜਾਣਾ ਚਾਹੁੰਦੇ, ਪਰ ਅਸਲ ਸਾਥ ਵਾਲੀ ਜ਼ਿੰਮੇਵਾਰੀ ਗਲ਼ ਨਹੀਂ ਪਾਉਣਾ ਚਾਹੁੰਦੇ।

ਦੂਜਾ ਕਾਰਨ - ਕੁਝ ਵਧੀਆ ਖੁੰਝ ਜਾਣ ਦਾ ਡਰ। ਅੱਜ ਬਦਲਾਵਾਂ ਦੀ ਕੋਈ ਥੁੜ੍ਹ ਨਹੀਂ। ਡੇਟਿੰਗ ਐਪਾਂ ਤੇ ਸੋਸ਼ਲ ਮੀਡੀਆ ਨੇ ਪਿਆਰ ਨੂੰ ਇੱਕ ਅੰਤਹੀਨ ਬਜ਼ਾਰ ਬਣਾ ਛੱਡਿਆ ਹੈ, ਜਿੱਥੇ ਹਰ ਸਵਾਈਪ ਪਿੱਛੇ ਸ਼ਾਇਦ ਕੋਈ ਹੋਰ ਵਧੀਆ ਬੰਦਾ ਲੁਕਿਆ ਹੋਵੇ। ਪੱਕਾ ਹੋ ਜਾਣਾ ਇੰਝ ਲੱਗਦਾ ਜਿਵੇਂ ਸੌ ਖੁੱਲ੍ਹੀਆਂ ਬਾਰੀਆਂ ਬੰਦ ਕਰ ਦੇਣੀਆਂ। ਸੋ ਬੰਦਾ ਪਿੱਛੇ ਹਟਦਾ ਰਹਿੰਦਾ, ਸੋਚਦਾ 'ਸ਼ਾਇਦ ਅਗਲਾ ਮੌਕਾ ਹੋਰ ਸੋਹਣਾ ਹੋਵੇ'। ਪਰ ਪੂਰਨਤਾ ਦੀ ਭਾਲ ਵਿੱਚ ਹੀ ਹੱਥ ਆਈ ਅਸਲ ਚੀਜ਼ ਖੁੰਝ ਜਾਂਦੀ ਹੈ।

ਤੀਜਾ ਕਾਰਨ - ਵਾਹ-ਵਾਹ ਦੀ ਭੁੱਖ। ਅੱਜ ਧਿਆਨ ਹੀ ਸਭ ਤੋਂ ਵੱਡਾ ਸਿੱਕਾ ਬਣ ਗਿਆ ਹੈ। ਹਰ ਸੁਨੇਹਾ, ਹਰ ਤਾਰੀਫ਼ ਦਿਲ ਨੂੰ ਥੋੜ੍ਹੀ ਗੁਦਗੁਦਾਈ ਕਰਦੀ ਹੈ। ਕਈਆਂ ਲਈ ਲੋਕਾਂ ਦੀ ਵਾਹ-ਵਾਹ ਹੀ ਸੱਚੀ ਨੇੜਤਾ ਨਾਲੋਂ ਵੱਧ ਮਿੱਠੀ ਲੱਗਦੀ ਹੈ। ਉਹ ਪਿਆਰ ਨਹੀਂ, ਬੱਸ ਆਪਣੀ ਖਿੱਚ ਦਾ ਸਬੂਤ ਭਾਲਦੇ ਫਿਰਦੇ ਹਨ। ਬੈਂਚ 'ਤੇ ਉਡੀਕਦੇ ਲੋਕ ਓਹਨਾਂ ਲਈ ਬੱਸ ਸ਼ੀਸ਼ੇ ਹੁੰਦੇ ਹਨ, ਜਿਨ੍ਹਾਂ ਵਿੱਚ ਆਪਣਾ ਹੀ ਰੂਪ ਦੇਖਦੇ ਰਹਿੰਦੇ ਹਨ।

ਆਖ਼ਰੀ ਕਾਰਨ - ਬਦਲਵਾਂ ਸਹਾਰਾ। ਜਿਵੇਂ ਲੋਕ ਆਪਣਾ ਪੈਸਾ ਇੱਧਰ-ਉੱਧਰ ਵੰਡ ਕੇ ਲਾਉਂਦੇ ਹਨ, ਓਵੇਂ ਹੀ ਕਈ ਆਪਣੀਆਂ ਭਾਵਨਾਵਾਂ ਵੀ ਵੰਡ ਲੈਂਦੇ ਹਨ। ਇੱਕ ਰਿਸ਼ਤਾ ਮੁੱਖ ਰੱਖਦੇ, ਇੱਕ ਪਿੱਛੇ ਖੜ੍ਹਾ ਰੱਖਦੇ - ਤਾਂ ਜੇ ਪਹਿਲਾ ਟੁੱਟੇ ਤਾਂ ਦੂਜਾ ਤਿਆਰ-ਬਰ-ਤਿਆਰ ਮਿਲੇ। ਇੱਥੇ ਪਿਆਰ ਰਿਸ਼ਤਾ ਨਹੀਂ ਰਹਿ ਜਾਂਦਾ, ਬੱਸ ਇੱਕ ਸੁਰੱਖਿਆ-ਜਾਲ ਬਣ ਜਾਂਦਾ ਹੈ।

### ਜਦੋਂ ਤੁਸੀਂ ਬੱਸ ਇੱਕ 'ਬਦਲ' ਬਣ ਕੇ ਰਹਿ ਜਾਓ

ਬਹੁਤ ਘੱਟ ਲੋਕ ਸਿੱਧੇ ਮੂੰਹ ਦੱਸਣਗੇ ਕਿ ਤੁਸੀਂ ਬੈਂਚ 'ਤੇ ਹੋ। ਇਹ ਹਮੇਸ਼ਾ ਲੁਕਵੇਂ ਢੰਗ ਨਾਲ, ਅਸੰਗਤ ਵਿਹਾਰ ਦੇ ਰੂਪ ਵਿੱਚ ਹੀ ਸਾਹਮਣੇ ਆਉਂਦਾ। ਪ੍ਰੋਗਰਾਮ ਬਣਾਉਣ ਵੇਲੇ ਚਾਅ, ਪਰ ਸਿਰੇ ਚੜ੍ਹਦੇ ਕਦੇ-ਕਦਾਈਂ ਹੀ। ਹਰ ਗੱਲ 'ਤੇ 'ਦੇਖਦੇ ਹਾਂ', 'ਏਨੀ ਕਾਹਲੀ ਕਿਉਂ' ਜਾਂ 'ਹੋ ਜਾਊ ਕਦੇ' ਵਰਗੇ ਗੋਲ-ਮੋਲ ਜਵਾਬ। ਗੱਲਬਾਤ ਵੀ ਇੱਕੋ ਬੰਦੇ ਦੀ ਸਹੂਲਤ ਮੁਤਾਬਕ ਚੱਲਦੀ। ਘੰਟੇ ਦਿਨਾਂ 'ਚ ਗੁਆਚ ਜਾਂਦੇ, ਦਿਨ ਹਫ਼ਤਿਆਂ 'ਚ, ਤੇ ਬਹਾਨੇ ਹਮੇਸ਼ਾ ਇੱਕੋ ਜਿਹੇ - ਕੰਮ ਦਾ ਬੋਝ, ਟੱਬਰ ਦੇ ਝੰਜਟ, ਸਫ਼ਰ, ਜਾਂ ਬੱਸ 'ਰੁੱਝਿਆ ਹੋਇਆ ਸੀ'।

ਪਰ ਸੋਸ਼ਲ ਮੀਡੀਆ ਦੀ ਕਹਾਣੀ ਵੱਖਰੀ ਹੀ ਹੁੰਦੀ ਹੈ। ਤੁਹਾਡਾ ਜਵਾਬ ਭਾਵੇਂ ਨਾ ਦੇਣ, ਫ਼ੋਟੋਆਂ ਪਾਉਣ, ਟਿੱਪਣੀਆਂ ਕਰਨ, ਰੀਲਾਂ



ਸਾਂਝੀਆਂ ਕਰਨ ਤੋਂ ਪਿੱਛੇ ਨਹੀਂ ਹਟਦੇ। ਸਭ ਤੋਂ ਪੱਕਾ ਸੰਕੇਤ ਓਦੋਂ ਮਿਲਦਾ ਜਦੋਂ ਤੁਸੀਂ ਸੱਚਮੁੱਚ ਦੂਰ ਹੋਣ ਲੱਗੋ। ਉਹ ਇੱਕਦਮ ਮੁੜ ਆਉਂਦੇ। ਗੁਆਚਾ ਸੁਨੇਹਾ ਲੱਭ ਪੈਂਦਾ। ਪਿਆਰ ਭਰੀ 'ਹਾਏ' ਫੇਰ ਆ ਢੁੱਕਦੀ। ਸੱਦਾ ਫੇਰ ਸਾਹਮਣੇ ਆ ਖੜ੍ਹਦਾ। ਦੂਰੀ ਬਣਾਈ ਰੱਖਦੇ, ਪਰ ਦਿਲਾਂ ਦੀ ਨਹੀਂ - ਬਿਲਕੁਲ ਓਸ ਮਛੇਰੇ ਵਾਂਗ ਜੋ ਮੱਛੀ ਭੱਜਦੀ ਵੇਖ ਡੋਰ ਢਿੱਲੀ ਛੱਡ ਦਿੰਦਾ, ਬੱਸ ਏਨਾ ਕਿ ਧਾਗਾ ਟੁੱਟੇ ਨਾ। ਬੇਯਕੀਨੀ ਦੇ ਬਾਵਜੂਦ ਆਸ ਦਾ ਦੀਵਾ ਬਲਦਾ ਰਹਿੰਦਾ - ਫ਼ਾਇਦਾ ਪੂਰਾ, ਵਾਅਦਾ ਕੋਈ ਨਹੀਂ। ਗੱਡੀ ਦੇ ਆਉਣ ਦਾ ਐਲਾਨ ਵਾਰ-ਵਾਰ ਹੁੰਦੇ ਰਹਿਣ ਦਾ ਮਤਲਬ ਇਹ ਨਹੀਂ ਕਿ ਉਹ ਕਦੇ ਸਟੇਸ਼ਨ 'ਤੇ ਵੀ ਪਹੁੰਚੇਗੀ।

### ਲੁਕਵੇਂ ਜ਼ਖ਼ਮ

ਬੈਂਚਿੰਗ ਦਾ ਸਭ ਤੋਂ ਖ਼ਤਰਨਾਕ ਪਹਿਲੂ ਇਹੀ ਹੈ ਕਿ ਬਾਹਰੋਂ ਦੇਖਿਆਂ ਕੁਝ ਗ਼ਲਤ ਲੱਗਦਾ ਹੀ ਨਹੀਂ। ਪਰ ਅੰਦਰੋਂ-ਅੰਦਰੀ ਇਹ ਬੰਦੇ ਨੂੰ ਖੋਖਲਾ ਕਰ ਦਿੰਦੀ ਹੈ - ਜਿਵੇਂ ਲਹਿਰਾਂ ਹੌਲੀ-ਹੌਲੀ ਕਿਨਾਰਾ ਖਾ ਜਾਂਦੀਆਂ ਹਨ। ਬੈਂਚ 'ਤੇ ਬੈਠਾ ਬੰਦਾ ਆਪਣੇ ਆਪ ਨੂੰ ਹੀ ਕਟਹਿਰੇ 'ਚ ਖੜ੍ਹਾ ਕਰਨ ਲੱਗਦਾ - ਮੇਰੇ ਵਿੱਚ ਹੀ ਕੋਈ ਕਮੀ ਹੈ ? ਹੋਰ ਉਡੀਕ ਕਰਦਾ ਤਾਂ ਗੱਲ ਬਣ ਜਾਂਦੀ ? ਮੈਂ ਉਹਦੇ ਦਿਲ ਨੂੰ ਟੁੰਬਿਆ ਹੀ ਨਹੀਂ ? ਹਰ ਖ਼ਾਮੋਸ਼ ਪਲ ਇੱਕ ਸਵਾਲ ਬਣ ਕੇ ਸੀਨੇ 'ਤੇ ਬੈਠ ਜਾਂਦਾ। ਵਰਤਾਓ ਦੇ ਮਾਹਿਰ ਇਸਨੂੰ ਇੱਕ ਬੜੇ ਤਕੜੇ ਅਸੂਲ ਨਾਲ ਸਮਝਾਉਂਦੇ ਹਨ - 'ਟੁੱਟਵੀਂ ਹੱਲਾਸ਼ੇਰੀ'। ਬੇਯਕੀਨਾ ਇਨਾਮ, ਪੱਕੇ ਇਨਾਮ ਨਾਲੋਂ ਕਿਤੇ ਵੱਧ ਲਗਾਊ ਪਾ ਦਿੰਦਾ ਹੈ। ਇਹੀ ਅਸੂਲ ਜੂਏ ਦੇ ਅੱਡੇਵਾਂਗ ਕੰਮ ਕਰਦਾ - ਹਮੇਸ਼ਾ ਜਾਪਦਾ 'ਬੱਸ ਅਗਲੀ ਵਾਰੀ ਜਿੱਤ ਪੱਕੀ ਹੈ'।

ਬੈਂਚਿੰਗ ਦੀ ਖੇਡ ਵੀ ਇਹੀ ਹੈ। ਹਰ ਅਚਾਨਕ ਆਏ ਸੁਨੇਹੇ ਨੂੰ ਲਾਟਰੀ ਵਾਂਗ ਵੇਖਿਆ ਜਾਂਦਾ। ਹਰ ਤਾਰੀਫ਼ ਮੁੜ ਆਸ ਜਗਾ ਦਿੰਦੀ। ਹਰ ਮਾੜੀ ਪੁਰਾਣੀ ਅਣਦੇਖੀ 'ਤੇ ਮਿੱਟੀ ਪਾ ਦਿੰਦੀ। ਬੰਦਾ ਛੱਡਦਾ ਨਹੀਂ, ਅਗਲੇ ਖ਼ਾਸ ਪਲ ਦੀ ਉਡੀਕ ਵਿੱਚ ਬੈਠਾ ਰਹਿੰਦਾ। ਚੁੱਪ-ਚੁਪੀਤੇ ਆਸ, ਓਟ ਬਣ ਜਾਂਦੀ, ਤੇ ਓਟ ਹੌਲੀ-ਹੌਲੀ ਥਕਾਵਟ ਵਿੱਚ ਬਦਲ ਜਾਂਦੀ। ਬੈਂਚ 'ਤੇ ਬੈਠੇ ਬਹੁਤੇ ਲੋਕ ਫ਼ਿਕਰ, ਨੀਂਦ ਦੀ ਘਾਟ, ਲਗਾਤਾਰ ਸੋਚੀਂ ਪਏ ਰਹਿਣਾ, ਆਪਣੇ 'ਤੇ ਭਰੋਸਾ ਗੁਆ ਬੈਠਣਾ, ਇਕੱਲਾਪਣ ਤੇ ਭਵਿੱਖ ਬਾਰੇ ਡਰ ਦੱਸਦੇ ਹਨ। ਇਹ ਹੁਣ ਪਿਆਰ ਦਾ ਮਾਮਲਾ ਨਹੀਂ ਰਹਿ ਜਾਂਦਾ, ਬੱਸ ਹੋਂਦ ਬਚਾਉਣ ਦੀ ਲੜਾਈ ਬਣ ਜਾਂਦਾ ਹੈ।

### ਬੈਂਚ ਤੋਂ ਬਾਹਰ ਪੈਰ ਪੁੱਟਣਾ

ਬੈਂਚਿੰਗ ਦਾ ਸਭ ਤੋਂ ਔਖਾ ਸਬਕ ਇਹੀ ਹੈ - ਹਰ ਗੱਲ ਦਾ ਜਵਾਬ ਹਨੇਰੇ ਵਿੱਚ ਟੋਹਣ ਨਾਲ ਨਹੀਂ ਲੱਭਦਾ। ਸੁਨੇਹਿਆਂ ਦੀ ਪੱਤੀ-ਪੱਤੀ ਫਰੋਲਣ ਵਿੱਚ ਮਹੀਨੇ ਗੁਆਉਣ ਨਾਲੋਂ ਚੰਗਾ ਹੈ ਇੱਕ ਸਿੱਧੀ, ਸੱਚੀ ਗੱਲ ਕਰ ਲਈ ਜਾਵੇ। ਸਿੱਧਾ ਪੁੱਛੋ - ਆਖ਼ਿਰ ਅਸੀਂ ਹਾਂ ਕੀ ? ਇਸ ਰਿਸ਼ਤੇ ਦੇ ਤੇਰੇ ਲਈ ਕੀ ਮਾਇਨੇ ਹਨ ? ਸੱਚੀਂ ਬੱਝਣਾ ਚਾਹੁੰਦੇ ਹੋ ਜਾਂ ਨਹੀਂ ? ਜਵਾਬ ਦਾ ਵਜ਼ਨ ਤਾਂ ਹੈ, ਪਰ ਵਿਹਾਰ ਦਾ ਵਜ਼ਨ ਉਸ ਤੋਂ ਵੀ ਭਾਰਾ। ਗੱਲਾਂ ਤਾਂ ਹਵਾ ਵਿੱਚ ਖੋਖਲੀਆਂ ਹੁੰਦੀਆਂ, ਪੱਕਾ ਰਹਿਣਾ ਵੱਖਰੀ ਗੱਲ ਹੈ।

ਸੱਚੇ ਰਿਸ਼ਤੇ ਓਦੋਂ ਪੈਰ ਜਮਾਉਂਦੇ ਹਨ ਜਦੋਂ ਬੰਦਾ ਵਾਰ-ਵਾਰ ਸਾਬਤ ਕਰੇ - ਵਾਅਦਾ ਨਿਭਾਵੇ, ਵੇਲਾ ਕੱਢੇ, ਆਪਣੀ ਦੁਨੀਆਂ ਵਿੱਚ ਥਾਂ ਦੇਵੇ, ਸਾਂਝੇ ਟੀਚਿਆਂ ਵੱਲ ਇਕੱਠੇ ਤੁਰੇ। ਪਿਆਰ ਵੱਡੀਆਂ-ਵੱਡੀਆਂ ਗੱਲਾਂ ਨਾਲ ਨਹੀਂ, ਸਗੋਂ ਲਗਾਤਾਰ ਸਾਥ ਨਿਭਾਉਣ ਨਾਲ ਪਰਖਿਆ ਜਾਂਦਾ ਹੈ। ਪਰ ਸਭ ਤੋਂ ਜ਼ਰੂਰੀ ਗੱਲ - ਆਪਣੀ ਇੱਜ਼ਤ ਦੀ ਲਾਜ ਰੱਖੋ। ਸੱਚੀ ਉਡੀਕ ਓਹੀ ਹੁੰਦੀ ਜਿੱਥੇ ਦੋਵੇਂ ਇੱਕੋ ਪਾਸੇ ਤੁਰ ਰਹੇ ਹੋਣ। ਜੇ ਕੋਈ ਹਰ ਵਾਰ ਗੱਲ ਟਾਲਦਾ ਹੀ ਰਹੇ, ਤਾਂ ਤੁਸੀਂ ਸਾਰੀ ਉਮਰ ਹੱਥ ਮਲਦੇ ਹੀ ਰਹਿ ਜਾਓਗੇ। ਬੂਹੇ ਬਾਹਰ ਖੜ੍ਹੇ ਰਹਿ ਕੇ ਕੁਝ ਨਹੀਂ ਮਿਲਦਾ। ਕਈ ਵਾਰ ਸਭ ਤੋਂ ਵੱਡਾ ਪਿਆਰ ਆਪਣੇ ਆਪ ਨੂੰ ਹੀ ਦੇਣਾ ਪੈਂਦਾ ਹੈ।

### ਗਿਆਰਾਂ ਵਿੱਚ ਥਾਂ ਬਣਾਓ

ਜਿਹੜੇ ਮੈਦਾਨ ਵਿੱਚ ਉੱਤਰੇ, ਜਿਨ੍ਹਾਂ ਨੇ ਜ਼ਿੰਮੇਵਾਰੀ ਚੁੱਕੀ ਤੇ ਆਪਣੀ ਪਾਰੀ ਖੇਡੀ, ਉਹੀ ਕ੍ਰਿਕਟ ਦੇ ਇਤਿਹਾਸ ਵਿੱਚ ਨਾਂ ਲਿਖਾ ਗਏ। ਕਿਸੇ ਸੀਜ਼ਨ ਦਾ ਬਾਰ੍ਹਵਾਂ ਖਿਡਾਰੀ ਕੌਣ ਸੀ, ਇਹ ਯਾਦ ਰੱਖਣ ਵਾਲੇ ਬਹੁਤ ਘੱਟ ਮਿਲਦੇ। ਰਿਸ਼ਤਿਆਂ ਵਿੱਚ ਵੀ ਇਹੀ ਸੱਚ ਹੈ। ਬਿਨਾਂ ਬੱਝੇ ਦਿੱਤਾ ਪਿਆਰ, ਖ਼ੂਬਸੂਰਤ ਲਿਫ਼ਾਫ਼ੇ ਵਰਗਾ ਹੁੰਦਾ - ਬਾਹਰੋਂ ਚਮਕਦਾ, ਅੰਦਰੋਂ ਖ਼ਾਲੀ। ਬਿਨਾਂ ਮੰਜ਼ਿਲ ਤੋਂ ਕਿਸੇ ਦੇ ਦੁਆਲੇ ਘੁੰਮਦੇ ਰਹਿਣਾ, ਸਮੁੰਦਰ 'ਤੇ ਵਰ੍ਹਦੇ ਮੀਂਹ ਵਾਂਗ ਹੈ - ਵਰ੍ਹਦਾ ਤਾਂ ਹੈ, ਪਰ ਧਰਤੀ ਪਿਆਸੀ ਹੀ ਰਹਿ ਜਾਂਦੀ। ਬਿਨਾਂ ਅਗਾਂਹ ਵਧੇ ਬੱਸ ਆਸ ਲਾਈ ਬੈਠੇ ਰਹਿਣਾ, ਇੱਕ ਦਿਨ ਦਿਲ ਦੀ ਕੈਦ ਬਣ ਜਾਂਦਾ ਹੈ। ਜਿਹੜਾ ਪਿਆਰ ਗੁੰਝਲਾਂ ਵਿੱਚ ਹੀ ਉਲਝਿਆ ਰਹੇ, ਉਹ ਸਿਹਤਮੰਦ ਪਿਆਰ ਨਹੀਂ। ਸੱਚਾ ਪਿਆਰ ਬੁਝਾਰਤਾਂ ਨਹੀਂ ਬਣਦਾ। ਇਹ ਸਹਾਰਾ ਦਿੰਦਾ, ਡਗਮਗਾਹਟ ਨਹੀਂ; ਭਰੋਸਾ ਦਿੰਦਾ, ਫ਼ਿਕਰ ਨਹੀਂ; ਸਾਂਝ ਦਿੰਦਾ, ਪਰਖ਼ ਦਾ ਦੌਰ ਨਹੀਂ। ਹਰ ਕੋਈ ਪਹਿਲੀ ਪਸੰਦ ਬਣਨ ਦਾ ਹੱਕਦਾਰ ਹੈ - ਬਦਲ ਬਣ ਕੇ ਨਹੀਂ ਰਹਿਣਾ ਚਾਹੀਦਾ, ਜਿਸਨੂੰ ਬੱਸ ਪਹਿਲੇ ਦੇ ਟੁੱਟਣ 'ਤੇ ਹੀ ਯਾਦ ਕੀਤਾ ਜਾਵੇ।

ਦਿਲ ਦੀ ਖੇਡ ਵਿੱਚ ਬੱਸ ਵਰਦੀ ਪਾ ਲੈਣੀ ਕਾਫ਼ੀ ਨਹੀਂ ਹੁੰਦੀ। ਜੇ ਤੁਸੀਂ ਹਰ ਵੇਲੇ ਕੰਢੇ 'ਤੇ ਬੈਠ ਕੇ ਇਹੀ ਸੋਚਦੇ ਰਹਿ ਗਏ ਕਿ 'ਮੈਂ ਖੇਡਣ ਜੋਗਾ ਹਾਂ ਵੀ ਜਾਂ ਨਹੀਂ', ਤਾਂ ਸ਼ਾਇਦ ਹੁਣ ਸਟੇਡੀਅਮ ਹੀ ਛੱਡਣ ਦਾ ਵੇਲਾ ਆ ਗਿਆ ਹੈ।









## ਪੰਜਾਬੀ ਸਿਨੇਮੇ ਲਈ ਵੱਡੀ 'ਰਹਿਮਤ'

# ਵਿਸ਼ਵ ਪੱਧਰ 'ਤੇ ਪੰਜਾਬੀ ਸਿਨੇਮੇ ਦੀ ਨੁਮਾਇੰਦਗੀ ਕਰਨ ਵਾਲੀ ਫਿਲਮ 'ਰਹਿਮਤ'

ਡਾ. ਸੁਖਦਰਸ਼ਨ ਸਿੰਘ ਚਹਿਲ,
ਪਟਿਆਲਾ 9779590575

ਪੰਜਾਬੀ ਸਿਨੇਮੇ ਵਿੱਚ ਇਸ ਸਮੇਂ ਕਮਰਸ਼ੀਅਲ ਫਿਲਮਸਾਜ਼ੀ ਭਾਰੂ ਹੈ, ਜਿਸ ਕਰਕੇ ਇਸ ਦਾ ਦਾਇਰਾ ਸਿਰਫ਼ ਪੰਜਾਬੀ ਦਰਸ਼ਕਾਂ ਤੱਕ ਸੀਮਿਤ ਹੈ। ਇਸ ਪ੍ਰਚੱਲਣ ਦੇ ਸਮਾਂਤਰ ਹੀ ਉਂਗਲਾਂ 'ਤੇ ਗਿਣੇ ਜਾਣ ਵਾਲੇ ਕੁਝ ਫਿਲਮਸਾਜ਼ ਵੀ ਹਨ ਜੋ ਪੰਜਾਬੀ ਸਿਨੇਮੇ ਦਾ ਦਾਇਰਾ ਵਿਸ਼ਵ ਪੱਧਰ ਤੱਕ ਲਿਜਾਣ ਲਈ ਯਤਨਸ਼ੀਲ ਹਨ। ਅਜਿਹੇ ਪ੍ਰਤੀਬੱਧ ਤੇ ਦ੍ਰਿੜ ਨਿਸਚੇ ਵਾਲੇ ਫਿਲਮਸਾਜ਼ਾਂ 'ਚ ਸ਼ਾਮਲ ਹਨ, ਨਿਰਮਾਤਾ-ਨਿਰਦੇਸ਼ਕ ਗੁਰਵਿੰਦਰ ਸਿੰਘ। ਜਿਸ ਨੇ ਹਾਲ ਹੀ ਵਿੱਚ ਨਾਮਵਰ ਚਿੱਤਰਕਾਰ ਅਰਪਨਾ ਕੌਰ ਨਾਲ ਮਿਲ ਕੇ ਪੰਜਾਬੀ ਫਿਲਮ 'ਰਹਿਮਤ' ਦਾ ਨਿਰਮਾਣ ਅਤੇ ਨਿਰਦੇਸ਼ਨ ਵੀ ਕੀਤਾ ਹੈ। ਇਸ ਫਿਲਮ ਨੇ ਪੰਜਾਬੀ ਸਿਨੇਮੇ ਦਾ ਦਾਇਰਾ ਵਿਸ਼ਵਵਿਆਪੀ ਬਣਾਉਂਦਿਆਂ ਬੀਤੇ ਦਿਨੀਂ ਇੱਕ ਵੱਡੀ ਪੁਲਾਂਘ ਪੁੱਟੀ ਹੈ। ਇਸ ਫਿਲਮ ਦੀ ਚੋਣ 5 ਤੋਂ 15 ਅਗਸਤ ਤੱਕ ਸਵਿਟਜ਼ਰਲੈਂਡ 'ਚ ਹੋਣ ਵਾਲੇ 79ਵੇਂ ਲੋਕਾਰਨੋ ਫਿਲਮ ਫੈਸਟੀਵਲ ਲਈ ਹੋਈ। ਇਸ ਫੈਸਟੀਵਲ 'ਚ ਇਹ ਫਿਲਮ 'ਗੋਲਡਨ ਲੀਓਪਾਰਡ ਐਵਾਰਡ' ਲਈ ਕੁਝ ਹੋਰ ਮੁਲਕਾਂ ਦੀਆਂ ਫਿਲਮਾਂ ਦਾ ਮੁਕਾਬਲਾ ਕਰੇਗੀ। ਦੁਨੀਆ ਦੇ ਸਥਾਪਤ ਤੇ ਨਾਮੀ ਪੁਰਸਕਾਰ ਲਈ ਸਿਖ਼ਰਲੀਆਂ ਫਿਲਮਾਂ 'ਚ ਸ਼ਾਮਲ ਹੋਣਾ ਪੰਜਾਬੀ ਸਿਨੇਮੇ ਲਈ ਹੀ ਨਹੀਂ ਸਗੋਂ ਭਾਰਤੀ ਫਿਲਮ ਸਨਅਤ ਲਈ ਵੀ ਵੱਡੀ ਪ੍ਰਾਪਤੀ ਹੈ।

ਵਿਸ਼ੇਸ਼ ਗੱਲ ਇਹ ਹੈ ਕਿ ਗੁਰਵਿੰਦਰ ਸਿੰਘ ਇਸ ਤੋਂ ਪਹਿਲਾਂ 'ਅੰਨੇ ਘੋੜੇ ਦਾ ਦਾਨ', 'ਚੌਥੀ ਕੂਟ' ਅਤੇ 'ਅੱਧ ਚਾਨਣੀ ਰਾਤ' ਵਰਗੀਆਂ ਮਿਆਰੀ ਤੇ ਚਰਚਿਤ ਫਿਲਮਾਂ ਦਾ ਨਿਰਮਾਣ ਕਰ ਚੁੱਕੇ ਹਨ। ਇਨ੍ਹਾਂ ਫਿਲਮਾਂ ਦੀ ਸਕਰੀਨਿੰਗ ਕਾਨਜ, ਵੇਨਿਸ, ਰੋਟਰਡੈਮ, ਬੁਸਾਨ ਅਤੇ ਦੁਨੀਆ ਦੇ ਕਈ ਹੋਰ ਮਹੱਤਵਪੂਰਨ ਫਿਲਮ ਫੈਸਟੀਵਲਾਂ ਅਤੇ ਸੱਭਿਆਚਾਰਕ ਸੰਸਥਾਵਾਂ ਵਿੱਚ ਹੋ ਚੁੱਕੀ ਹੈ। ਗੁਰਵਿੰਦਰ ਸਿੰਘ ਸਰਬੋਤਮ ਨਿਰਦੇਸ਼ਨ ਲਈ ਰਾਸ਼ਟਰੀ ਪੁਰਸਕਾਰ ਅਤੇ ਦੋ ਵਾਰ ਸਰਬੋਤਮ ਪੰਜਾਬੀ ਫਿਲਮ ਦਾ ਪੁਰਸਕਾਰ ਵੀ ਜਿੱਤ ਚੁੱਕੇ ਹਨ। 'ਰਹਿਮਤ' ਉਨ੍ਹਾਂ ਦੀ ਪੰਜਾਬੀ ਭਾਸ਼ਾ 'ਚ ਚੌਥੀ ਫਿਲਮ ਹੈ। ਇਸ ਫਿਲਮ ਵਿੱਚ ਨਸੀਰੂਦੀਨ ਸ਼ਾਹ, ਸੁਵਿੰਦਰ ਵਿੱਕੀ, ਮੀਤਾ ਵਸ਼ਿਸ਼ਟ, ਨਵਜੋਤ ਰੰਧਾਵਾ, ਕਵੀ ਜਸਵੰਤ ਸਿੰਘ ਜ਼ਫ਼ਰ, ਦੀਆ ਕੰਬੋਜ, ਹਰਵਿੰਦਰ ਔਜਲਾ, ਅਨੀਤਾ ਮੀਤ, ਇੰਦਰ ਬਾਜਵਾ, ਕਵਨੂਰ ਕੌਰ, ਜਸਮਨਪ੍ਰੀਤ ਸਿੰਘ, ਸਹਿਜ ਅਜ਼ੀਜ਼, ਆਦਿ ਨੇ ਆਹਿਮ ਭੂਮਿਕਾਵਾਂ ਨਿਭਾਈਆਂ ਹਨ।



ਫਿਲਮ ਰਹਿਮਤ ਦੇ ਇੱਕ ਦ੍ਰਿਸ਼ 'ਚ ਨਸੀਰੂਦੀਨ ਸ਼ਾਹ ਤੇ ਜਸਵੰਤ ਜ਼ਫ਼ਰ

ਇਹ ਫਿਲਮ ਪੰਜਾਬੀ ਲੇਖਿਕਾ ਅਜੀਤ ਕੌਰ ਦੀਆਂ ਕਹਾਣੀਆਂ 'ਤੇ ਅਧਾਰਿਤ ਹੈ। ਫਿਲਮ ਦੀ ਨਿਰਮਾਣ ਟੀਮ 'ਚ ਸ਼ਾਮਲ ਅਰਪਨਾ ਕੌਰ (ਲੇਖਿਕਾ ਅਜੀਤ ਕੌਰ ਦੀ ਸਪੁੱਤਰੀ) ਉੱਘੀ ਚਿੱਤਰਕਾਰ ਵੀ ਹੈ। ਇਸ ਫਿਲਮ ਦੀ ਸ਼ੂਟਿੰਗ ਲੁਧਿਆਣਾ ਜ਼ਿਲ੍ਹੇ ਦੇ ਕਿਲਾ ਰਾਏਪੁਰ ਤੇ ਆਸ-ਪਾਸ ਦੇ ਪਿੰਡਾਂ 'ਚ ਕੀਤੀ ਗਈ ਹੈ। ਇਸ ਫਿਲਮ ਦੀ ਕਹਾਣੀ ਮੌਜੂਦਾ ਪੰਜਾਬ ਦੇ ਤਿੰਨ ਬਿਰਤਾਂਤਾਂ 'ਤੇ ਅਧਾਰਿਤ ਹੈ। ਜਿੰਨ੍ਹਾਂ ਵਿੱਚ ਇੱਕ ਨੌਜਵਾਨ ਔਰਤ ਦੀ ਕਹਾਣੀ ਸ਼ਾਮਲ ਹੈ ਜੋ ਇੱਕ ਜ਼ਖਮੀ ਆਦਮੀ ਨੂੰ ਪਨਾਹ ਦਿੰਦੀ ਹੈ ਅਤੇ ਉਸਨੂੰ ਅਧਿਕਾਰੀਆਂ ਤੋਂ ਲੁਕਾਉਂਦੀ ਹੈ। ਦੂਜੀ ਕਹਾਣੀ ਇੱਕ ਘਰ 'ਤੇ ਕੇਂਦਰਿਤ ਹੈ ਜਿੱਥੇ ਪਿਤਾ ਅਤੇ ਬੱਚਿਆਂ ਦੇ ਲਾਪਤਾ ਹੋਣ ਦਾ ਜ਼ਿਕਰ ਹੈ ਜੋ ਉਸਦੇ ਬਿਨਾਂ ਵੱਡੇ ਹੋ ਰਹੇ ਹਨ। ਜਿਸ ਕਰਕੇ ਉਨ੍ਹਾਂ ਦੇ ਬਜ਼ੁਰਗ ਦਾਦਾ ਜੀ ਨੂੰ ਪਰਿਵਾਰ ਦੇ ਮੁਖੀ ਦੀ ਭੂਮਿਕਾ ਦੁਬਾਰਾ ਸ਼ੁਰੂ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਤੀਜੀ ਕਹਾਣੀ 'ਚ ਇੱਕ ਬਜ਼ੁਰਗ ਆਦਮੀ 'ਤੇ ਅਧਾਰਿਤ ਹੈ ਜੋ ਆਪਣੇ ਆਪ ਨੂੰ 'ਰੱਬ ਹੋਣ' ਦਾ ਦਾਅਵਾ ਕਰਦਾ ਹੈ ਤੇ ਇੱਕ ਪਿੰਡ ਵਿੱਚ ਪਹੁੰਚਦਾ ਹੈ। ਜਿਸਦਾ ਪਰਿਵਾਰ 1947 ਦੀ ਵੰਡ ਤੋਂ ਠੀਕ ਪਹਿਲਾਂ ਪੰਜਾਬ ਛੱਡ ਗਿਆ ਸੀ ਜਦੋਂ ਇਸ ਖਿੱਤੇ ਦੀਆਂ ਸਰਹੱਦਾਂ ਨੂੰ ਮੁੜ ਆਕਾਰ ਦਿੱਤਾ ਗਿਆ ਸੀ। ਇੰਗਲੈਂਡ ਵਿੱਚ ਕਈ ਦਹਾਕੇ ਬਿਤਾਉਣ ਤੋਂ ਬਾਅਦ, ਉਹ ਆਪਣੀ ਜਨਮਭੋਇੰ 'ਤੇ (ਪੰਜਾਬ) ਵਾਪਸ ਆਉਂਦਾ ਹੈ ਜਿੱਥੇ ਆਕੇ ਉਸ ਨੂੰ ਯਾਦਾਂ ਤੇ ਇਤਿਹਾਸਕ ਘਟਨਾਵਾਂ ਸਦਕਾ ਆਪਣੇਪਣ ਦਾ ਅਹਿਸਾਸ ਹੁੰਦਾ ਹੈ।

ਬਾਲੀਵੁੱਡ ਦੇ ਸਥਾਪਤ ਅਦਾਕਾਰ ਨਸੀਰੂਦੀਨ ਸ਼ਾਹ ਦੀ ਇਹ ਪਹਿਲੀ ਪੰਜਾਬੀ ਫਿਲਮ ਹੈ। ਇਸ ਫਿਲਮ 'ਚ ਉਹ ਰਾਸ਼ਿਦ ਅਲੀ ਦੀ ਭੂਮਿਕਾ 'ਨਜ਼ਰ ਆਵੇਗਾ। ਇਸ ਭੂਮਿਕਾ ਲਈ ਨਸੀਰੂਦੀਨ ਦੀ ਚੋਣ ਸਬੰਧੀ ਨਿਰਦੇਸ਼ਕ ਗੁਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਨਸੀਰ ਦੀ ਖੁੱਲ੍ਹਦਿਲੀ ਦੇਖੋ, ਉਸ ਨੇ ਫਿਲਮ ਕਰਨ ਬਾਰੇ ਕੋਈ ਆਨਾ-ਕਾਨਾ ਨਹੀਂ ਕੀਤੀ ਅਤੇ ਸਾਡੀ ਟੀਮ 'ਤੇ ਵਿਸ਼ਵਾਸ਼ ਜਿਤਾਇਆ। ਦੂਸਰੀ ਗੱਲ ਇਹ ਹੈ ਕਿ ਉਹ ਭਾਵੇਂ ਪੰਜਾਬੀ ਨਹੀਂ ਹਨ ਪਰ ਉਸ ਨੂੰ ਯਕੀਨ ਸੀ ਕਿ ਉਹ ਆਪਣੀ ਭੂਮਿਕਾ ਨਾਲ ਪੂਰੀ ਤਰ੍ਹਾਂ ਨਿਆ ਕਰਨਗੇ। ਅਜਿਹਾ ਹੀ ਹੋਇਆ ਤੇ ਉਹ ਫਿਲਮ 'ਚ ਹਰ ਪੱਖੋਂ ਪੰਜਾਬੀ ਜਾਪਦੇ ਹਨ। ਗੁਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਫਿਲਮ ਦੇ ਸੰਵਾਦ ਨਸੀਰ ਦੀ ਸ਼ਖਸੀਅਤ ਨੂੰ ਧਿਆਨ ਵਿੱਚ ਰੱਖ ਕੇ ਲਿਖੇ ਗਏ। ਵੱਡੀ ਗੱਲ ਇਹ ਰਹੀ ਕਿ ਸ਼ੂਟਿੰਗ ਦੌਰਾਨ ਉਨ੍ਹਾਂ ਨੂੰ ਨਿਰਦੇਸ਼ਤ ਕਰਨ ਦੀ ਬਹੁਤੀ ਲੋੜ ਹੀ ਨਹੀਂ ਪਈ ਤੇ ਉਨ੍ਹਾਂ ਨੇ ਹਰ ਸੀਨ 'ਚ ਆਪਣੀ ਮੰਝੀ ਹੋਈ ਅਦਾਕਾਰੀ ਨਾਲ ਜਾਨ ਪਾ ਦਿੱਤੀ। ਨਿਰਦੇਸ਼ਕ ਦਾ ਕਹਿਣਾ ਹੈ ਕਿ 'ਲੋਕਾਰਨੋ ਫੈਸਟੀਵਲ' ਲਈ ਉਨ੍ਹਾਂ ਦੀ ਫਿਲਮ ਦੀ ਚੋਣ ਨੇ ਉਨ੍ਹਾਂ ਦੀ ਟੀਮ ਦਾ ਮਨੋਬਲ ਬਹੁਤ ਵਧਾਇਆ ਹੈ ਕਿ ਇੱਕ ਖਾਸ ਕਿਸਮ ਦਾ ਸਿਨੇਮਾ ਅਜੇ ਵੀ ਵਿਸ਼ਵ ਪੱਧਰ 'ਤੇ ਬਾਜ਼ਾਰ-ਸੰਚਾਲਿਤ ਪ੍ਰਚੱਲਣ ਦੇ ਬਾਵਜੂਦ ਸਾਰਥਕਤਾ ਰੱਖਦਾ ਹੈ। ਜਿਸ ਵੱਲ ਲੋਕਾਂ ਦਾ ਧਿਆਨ ਘੱਟ ਰਿਹਾ ਹੈ। ਇਸ ਫਿਲਮ ਦੇ ਅਦਾਕਾਰ ਤੇ ਨਾਮਵਰ ਕਵੀ ਜਸਵੰਤ ਜ਼ਫ਼ਰ ਦਾ ਕਹਿਣਾ ਹੈ ਕਿ ਅਜਿਹੀਆਂ ਕ੍ਰਿਤਾਂ ਦੀ ਸਿਰਜਣਾ ਜੋਖ਼ਮ ਉਠਾਉਣ ਦੀ ਪ੍ਰਵਿਰਤੀ ਅਤੇ ਆਪਣੇ ਕਿੱਤੇ ਪ੍ਰਤੀ ਵਚਨਬੱਧਤਾ ਸਦਕਾ ਹੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਪੰਜਾਬੀ ਭਾਸ਼ਾ, ਪੰਜਾਬੀਅਤ ਤੇ ਪੰਜਾਬੀ ਸਿਨੇਮੇ ਦੇ ਸਨਮਾਨ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਸਾਹਿਤ 'ਚ ਅਜਿਹੀਆਂ ਬਹੁਤ ਸਾਰੀਆਂ ਕਹਾਣੀਆਂ ਤੇ ਕਿੱਸੇ ਮੌਜੂਦ ਹਨ, ਜਿੰਨ੍ਹਾਂ 'ਤੇ ਵਿਸ਼ਵ ਪੱਧਰੀ ਫਿਲਮਾਂ ਦਾ ਨਿਰਮਾਣ ਕੀਤਾ ਜਾ ਸਕਦਾ ਹੈ।

ਦੱਸਣਯੋਗ ਹੈ ਕਿ ਲੋਕਾਰਨੋ ਫਿਲਮ ਫੈਸਟੀਵਲ, ਦੁਨੀਆ ਦੇ ਨਾਮੀ ਫਿਲਮ ਸਮਾਗਮਾਂ ਵੇਨਿਸ, ਕਾਨਸ, ਬੂਸਾਨ ਅਤੇ ਬਰਲਿਨ ਵਾਂਗ ਹੀ ਵਕਾਰੀ ਹੈ। ਸਵਿੱਟਜ਼ਰਲੈਂਡ ਦੇ ਉਕਤ ਫੈਸਟੀਵਲ ਦੇ ਮੁੱਖ ਮੁਕਾਬਲੇ ਤੋਂ ਇਲਾਵਾ, ਲੋਕਾਰਨੋ ਫਿਲਮ ਫੈਸਟੀਵਲ ਦੀ ਕਲਾਤਮਕ ਟੀਮ ਨੇ 'ਰਹਿਮਤ' ਫਿਲਮ ਨੂੰ ਇੱਕ ਵਿਸ਼ੇਸ਼ ਪੁਰਸਕਾਰ, 'ਪਰਡੋ ਫਾਰ ਚੇਂਜ' ਲਈ ਵੀ ਚੁਣਿਆ ਹੈ। ਫਿਲਮ ਦਾ ਵਿਸ਼ਵ ਪ੍ਰੀਮੀਅਰ 6 ਅਗਸਤ, 2026 ਨੂੰ ਲੋਕਾਰਨੋ ਵਿੱਚ ਹੋਵੇਗਾ। ਜਿਕਰਯੋਗ ਹੈ ਕਿ ਫੈਸਟੀਵਲ ਦੇ ਸਿਖਰਲੇ ਇਨਾਮ, ਗੋਲਡਨ ਲੀਓਪਾਰਡ 'ਚ 75,000 ਸਵਿੱਸ ਫਰੈਂਕ (88 ਲੱਖ ਰੁਪਏ) ਦਾ ਨਕਦ ਪੁਰਸਕਾਰ ਵੀ ਸ਼ਾਮਲ ਹੈ। ਇਹ ਪੁਰਸਕਾਰ ਜਿੱਤਣ ਲਈ 'ਰਹਿਮਤ' ਦਾ ਦੱਖਣੀ ਕੋਰੀਆਈ ਨਿਰਦੇਸ਼ਕ ਹਾਂਗ ਸਾਂਗ-ਸੂ, ਕੈਨੇਡਾ ਤੋਂ ਡੇਨਿਸ ਕੋਟ, ਇਟਲੀ ਤੋਂ ਸਲਵਾਟੋਰ ਮੇਰੂ ਅਤੇ ਰੋਮਾਨੀਆਈ ਨਿਰਦੇਸ਼ਕ ਫਲੋਰਿਨ ਸਰਬਨ ਸਮੇਤ ਹੋਰਨਾਂ ਫਿਲਮਾਂ ਨਾਲ ਹੋਵੇਗਾ। ਉਮੀਦ ਹੈ ਕਿ 'ਰਹਿਮਤ' ਪੰਜਾਬੀ ਸਿਨੇਮੇ ਲਈ ਨਾਮਣਾ ਖੱਟ ਕੇ ਲਿਆਵੇਗੀ।

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

- Personal Tax Returns
- Corporate Tax Returns
- Bookkeeping
- GST/HST Filing
- Payroll
- WCB Returns
- Tax Planning
- New Business Consultation & Registration

SIDHU ACCOUNTING
PH: (403) 568 – 2667
Email: info@sidhuaccounting.com
Address: 202, 4656 Westwinds Drive NE Calgary, Alberta T3J 3Z5

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

# ਰੀਜਾਇਨਾ ਸਿੱਖ ਖੇਡਾਂ-2026 ਖਿਡਾਰੀਆਂ ਅਤੇ ਦਰਸਕਾਂ ਦੇ ਮਨਾਂ ਉੱਪਰ ਅਮਿੱਟ ਛਾਪ ਛੱਡ ਗਈਆਂ






ਸਫ਼ਾ ਨੰ. 3 ਤੋਂ ਜਾਰੀ ਸਟੋਰੀ


















SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141



MIDWEST DIESEL REPAIR INC.
Gurprit Gill (Sony)
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।



• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

ONE-STOP TRUCK SALES
ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
YOUR ONE STOP SHOP FOR TRUCK SALES AND FINANCING
ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ



Davinder Gill & Jatinder Gill
306 490 2205, 306 880 3869
56 Bryan Bay, Rosser, MB R3C 2E6
Office: 204-987-7300
Email: admin@onestoptrucksales.com
Mob. 204-396-5404

## ਪੁਸਤਕ ਸਮੀਖਿਆ

# ਸਿਸਕਤੇ ਅਲਫ਼ਾਜ਼



ਸਮੀਖਿਆਕਾਰ - ਜਗਦੇਵ ਸਿੱਧੂ
1825 712 1135






ਲਖਵਿੰਦਰ ਸਿੰਘ ਸਿੱਧੂ

ਪੁਸਤਕ 'ਸਿਸਕਤੇ ਅਲਫ਼ਾਜ਼' ਲਖਵਿੰਦਰ ਸਿੰਘ ਸਿੱਧੂ ਦਾ ਪਲੇਠਾ ਹਿੰਦੀ ਕਾਵਿ-ਸੰਗ੍ਰਹਿ ਹੈ ਜਿਸ ਨੂੰ 'ਦ ਸਪੈਰੋ ਪਬਲਿਸ਼ਰਜ਼ ਪਟਿਆਲ਼ਾ' ਨੇ ਛਾਪਿਆ ਹੈ। ਇਸ ਦੇ ਕੁੱਲ 125 ਸਫ਼ੇ ਹਨ ਅਤੇ ਕੀਮਤ ਸਿਰਫ਼ 250/- ਰੁਪਏ ਹੈ। ਇਸ ਸੰਗ੍ਰਹਿ ਵਿਚ ਕੁੱਲ 68 ਕਵਿਤਾਵਾਂ ਅਤੇ ਹੋਰ 65 ਸ਼ਿਅਰ ਸ਼ਾਮਲ ਹਨ। ਲਖਵਿੰਦਰ ਦੇ ਲਿਖਣ ਮੁਤਾਬਕ ਇਨ੍ਹਾਂ ਕਵਿਤਾਵਾਂ ਦਾ ਰਚਨਾ-ਕਾਲ਼ 1980 ਤੋਂ 1984 ਤੱਕ ਦਾ ਹੈ ਜਦੋਂ ਉਸ ਦੀ ਉਮਰ 22 ਤੋਂ 26 ਸਾਲ ਸੀ। ਇਹ ਨਜ਼ਮਾਂ ਲਿਖਣ ਦੀ ਵਜਾਹ ਉਸ ਦੀ ਕਵਿਤਾ ਦੀਆਂ ਇਨ੍ਹਾਂ ਸਤਰਾਂ ਵਿਚ ਲੁਕੀ ਹੋਈ ਹੈ - ਹਰ ਬਾਤ ਕੀ ਸ਼ੁਰੂਆਤ ਮੇਂ / ਏਕ ਤੜਪ ਹੋਤੀ ਹੈ, ਏਕ ਕਸ਼ਿਸ਼ ਹੋਤੀ ਹੈ। (ਤੁਮ ਹੀ ਕਹੋ)। ਇਹ ਉਸ ਦੀ ਜਵਾਨੀ ਦਾ ਉਹ ਦੌਰ ਸੀ ਜਦੋਂ ਅੱਲੇ ਦਿਲ ਵਿਚ ਅਰਮਾਨਾਂ ਦਾ ਅੰਬਾਰ ਉਠਦਾ ਹੈ, ਜਜ਼ਬਾਤਾਂ ਦਾ ਹੜ੍ਹ ਉਮੜਦਾ ਹੈ, ਖਿਆਲਾਂ ਦੀ ਪਰਵਾਜ਼ ਅੰਬਰਾਂ ਨੂੰ ਛੋਂਹਦੀ ਹੈ, ਕਿਸੇ ਦੀ ਖਾਤਰ ਜਿੰਦ-ਜਾਨ ਹਾਜ਼ਰ ਹੁੰਦੀ ਹੈ ਤੇ ਜਿਸ ਨਾਲ਼ ਨੇਹੁ ਹੁੰਦਾ ਹੈ, ਉਸ ਖਾਤਰ ਅਸਮਾਨ ਤੋਂ ਤਾਰੇ ਤੋੜਨ ਦੀ ਜੁਰੱਅਤ ਉੱਸਲ਼ਵੱਟੇ ਲੈਂਦੀ ਹੈ। ਲਖਵਿੰਦਰ ਉਸ ਸਮੇਂ ਪਚਮੜ੍ਹੀ ਦੇ ਸਥਾਨ 'ਤੇ ਫੌਜ ਵਿਚ ਤਾਇਨਾਤ ਸੀ ਜਿੱਥੇ ਉਸ ਦੇ ਕੰਵਾਰੇ ਵਲਵਲੇ ਜਵਾਨੀ ਦੇ ਵੇਗ ਵਿਚ ਵਹਿ ਰਹੇ ਹੋਣਗੇ ਅਤੇ ਕੁਦਰਤੀ ਪਿਆਰ ਦੀਆਂ ਛੱਲਾਂ ਉਸ ਦੇ ਦਿਲ ਦੇ ਕਿਨਾਰਿਆਂ ਨੂੰ ਛੋਹ ਰਹੀਆਂ ਹੋਣਗੀਆਂ। ਪਤਾ ਨਹੀਂ ਇੰਝ ਸੱਚ-ਮੁੱਚ ਵਾਪਰਿਆ ਹੋਵੇਗਾ ਜਾਂ ਸਾਰਾ ਕੁਝ ਜਵਾਨੀ ਦੇ ਰੌਅ ਵਿਚ ਕਲਪਿਤ ਹੋਵੇਗਾ, ਪਰ ਇਨ੍ਹਾਂ ਸਾਰੀਆਂ ਕਵਿਤਾਵਾਂ ਦਾ ਧੁਰਾ ਅਧੂਰਾ ਪਿਆਰ ਜਾਪਦਾ ਹੈ। ਇਨ੍ਹਾਂ ਵਿਚ ਇਸ਼ਕ-ਮਿਜਾਜ਼ੀ ਤਾਂ ਹੈ ਹੀ ਪਰ ਇਸ਼ਕ-ਹਕੀਕੀ ਦੀ ਭਾਹ ਵੀ ਮਾਰਦੀ ਹੈ। ਇਹ ਅਜਿਹੀ ਪ੍ਰੀਤ ਦੀ ਦਾਸਤਾਨ ਵੀ ਜਾਪਦੀ ਹੈ ਜਿਸ ਤੋਂ ਉਪਜੇ ਜਜ਼ਬਾਤ ਜਦੋਂ ਆਪ-ਮੁਹਾਰੇ ਕਾਗਜ਼ 'ਤੇ ਉਤਰੇ ਤਾਂ ਸਿਸਕਦੇ ਅਲ਼ਫ਼ਾਜ਼ ਬਣ ਗਏ।

ਇਕ ਕਵਿਤਾ ਦੀਆਂ ਇਹ ਸਤਰਾਂ ਕਿਸੇ ਦਰਦਨਾਕ ਹਾਦਸੇ ਵੱਲ ਇਸ਼ਾਰਾ ਕਰਦੀਆਂ ਹਨ - ਰਾਤ ਭਰ ਬਜੀ ਹੈ ਸ਼ਹਿਨਾਈ ਮਾਤਮ ਕੀ ਸੁਰ ਮੇਂ / ਵੋ ਅਰਥੀ ਥੀ ਯਾ ਬਾਰਾਤ, ਸੁਨ ਲੇ ਤੋ ਚਲੇ ਜਾਨਾ (ਸੁਨ ਲੇ ਤੋ ਚਲੇ ਜਾਨਾ)। ਜਦੋਂ ਪਿਆਰ ਦੀਆਂ ਸਿਖਰਾਂ ਨੂੰ ਛੋਹ ਕੇ ਖ਼ਤਾਂ ਵਿਚ ਉਤਰੇ ਹਰਫ਼ ਵੀ ਸਿਸਕਦੇ ਅਲ਼ਫ਼ਾਜ਼ਾਂ ਦੀ ਜੂਨ ਭੋਗਦੇ ਹਨ ਤਾਂ ਇਹ ਸਤਰਾਂ ਮਹਿਬੂਬ ਦੇ ਖ਼ਤਾਂ ਅੰਦਰਲੀ ਵੇਦਨਾ ਨੂੰ ਅਰਥ ਦਿੰਦੀਆਂ ਹਨ - ਇਧਰ ਉਧਰ ਬਿਖਰੇ ਥੇ ਜੋ / ਮੇਰੇ ਘਰ ਮੇਂ ਟੂਟੇ ਵੋ ਸਾਜ਼ ਮਿਲੇ / ਕੁਛ ਫਟੇ ਹੂਏ ਖ਼ਤ ਮਿਲੇ / ਜਿਨ ਮੇਂ ਸਿਸਕਤੇ ਹੂਏ ਅਲ਼ਫ਼ਾਜ਼ ਮਿਲੇ (ਸਿਸਕਤੇ ਅਲ਼ਫ਼ਾਜ਼)। ਕਵੀ ਪਚਮੜ੍ਹੀ ਨੂੰ ਕ੍ਰਿਸ਼ਮਿਆਂ ਦਾ ਸਥਾਨ ਦਸਦਾ ਹੈ। ਇਹ ਕਵਿ-ਸੰਗ੍ਰਹਿ ਵੀ ਉਸੇ ਸਥਾਨ 'ਤੇ ਮਨ-ਮਸਤਕ ਅਤੇ ਦਿਲ ਦੀਆਂ ਗਹਿਰਾਈਆਂ 'ਚੋਂ ਅੰਗੜਾਈ ਲੈ ਕੇ ਨਿਕਲ਼ਿਆ ਇਕ ਕ੍ਰਿਸ਼ਮਾ ਹੀ ਤਾਂ ਹੈ। ਕਵਿਤਾ 'ਖ਼ਤੋਂ ਕਾ ਬੋਝ' ਖਿੜਕੀ ਦੇ ਪਿੱਛੇ, ਪੇੜਾਂ ਦੇ ਨੀਚੇ ਮਿਲਣ ਤੋਂ ਇਲਾਵਾ ਵਿਛੜਨ ਅਤੇ ਖ਼ਤੋ-ਖ਼ਤਾਬਤ ਦੇ ਦੌਰ ਦੀ ਗੱਲ ਕਰਦੀ ਹੈ, ਖ਼ਤਾਂ ਵਿਚ ਕਸਮਾਂ ਦੀ ਗੱਲ ਕਰਦੀ ਹੈ, ਤੇ ਫੇਰ ਇਹੋ ਖ਼ਤ ਬੋਝ ਬਣ ਜਾਣ ਦੀ ਗੱਲ ਕਰਦੀ ਹੈ। ਪਿਆਰ-ਮੁਹੱਬਤ ਅਤੇ ਆਸ਼ਕੀ ਦੇ ਵਿਸ਼ੇ ਉਪਰ, ਅਜਿਹੀਆਂ ਪ੍ਰਿਸਥਿਤੀਆਂ ਬਾਰੇ ਦੁਨੀਆਂ ਦੀ ਹਰੇਕ ਭਾਸ਼ਾ ਵਿਚ ਬੇ-ਸ਼ੁਮਾਰ ਕਵਿਤਾਵਾਂ, ਗ਼ਜ਼ਲਾਂ ਅਤੇ ਗੀਤਾਂ ਦੀ ਭਰਮਾਰ ਮਿਲਦੀ ਹੈ, ਕਿਉਂ ਕਿ ਇਹ ਕੁਦਰਤੀ ਜਜ਼ਬਾ ਹੈ। ਉਨ੍ਹਾਂ ਵਿਚ ਮਹਿਬੂਬ ਜਾਂ ਮਹਿਬੂਬਾ ਦੇ ਬੇ-ਵਫ਼ਾ ਹੋਣ ਦੀ ਗੱਲ ਹੁੰਦੀ ਹੈ, ਉਸ ਨੂੰ ਉਲ਼ਾਂਭੇ ਦੇਣ, ਤਾਹਨੇ, ਮਿਹਣੇ ਮਾਰਨ ਅਤੇ ਰੱਜ ਕੇ ਕੋਸਣ ਦੀ ਗੱਲ ਹੁੰਦੀ ਹੈ, ਪਰ ਸਿਸਕਤੇ ਅਲ਼ਫ਼ਾਜ਼ ਦੀ ਸਿਫ਼ਤ ਇਹ ਹੈ ਕਿ ਕਵੀ ਨੇ ਮੁਖਰ ਹੋ ਕੇ ਅਜਿਹਾ ਕੁਝ ਨਹੀਂ ਕੀਤਾ, ਨਾ ਹੀ ਕੋਈ ਰੋਣਾ ਰੋਇਆ, ਨਾ ਕੀਰਨੇ ਪਾਏ, ਸਗੋਂ ਆਪਣੇ ਪਿਆਰੇ ਦੀ ਯਾਦ ਵਿਚ ਉਸ ਪ੍ਰਤੀ ਸਤਿਕਾਰ, ਪਿਆਰ, ਅਹਿਸਾਨ ਅਤੇ ਮੋਹ ਵਿਚ ਗੜੁੱਚ ਕੇ ਆਪਣੀ ਬਿਰਹਾ ਦੇ ਦੁੱਖ ਦਾ ਇਜ਼ਹਾਰ ਕੀਤਾ ਹੈ। ਸਾਰੀਆਂ ਕਵਿਤਾਵਾਂ ਦੇ ਹਰਫ਼ ਇਸੇ ਭਾਵਨਾ ਵਿਚ ਸਿਸਕਦੇ ਹਨ, ਕੁਝ ਹਵਾਲੇ ਕਾਬਲੇ-ਗ਼ੌਰ ਹਨ - ਦੁਨੀਆਂ ਤੋ ਐਸੇ ਹੀ ਭਟਕਤੀ ਰਹੀ ਹੈ / ਪੱਥਰ ਕੀ ਮੂਰਤੀਉਂ ਕੇ ਪੀਛੇ / ਯੇ ਪਾਗਲ ਤੋ ਦਿਲ ਮੇਂ ਬਸੀ / ਮੁਹੱਬਤ ਕੀ ਮੂਰਤ ਕੋ ਸਰ ਝੁਕਾ ਦੇਤਾ ਹੈ (ਤੇਰੀ ਯਾਦ)। - ਤੂ ਨੇ ਅੰਧੇਰੇ ਮੇਂ ਰਹਿ ਕਰ ਭੀ / ਦਿਲ ਜਲਾਇਆ ਹਮੇਂ ਰਾਸਤਾ ਦਿਖਾਨੇ ਕੋ (ਤੇਰੀ ਯਾਦ ਮੇਂ)। - ਆਜ ਮਤ ਰੋਕੋ ਕਹਿ ਲੇਨੇ ਦੋ ਹਮੇਂ ਜੀ ਭਰ ਕਰ / ਫਿਰ ਮੁਲਾਕਾਤ ਕਹਾਂ ਹੋ ਪਾਏਗੀ ਤੁਮਹਾਰੇ ਜਾਨੇ ਕੇ ਬਾਦ (ਜਾਨੇ ਕੇ ਬਾਦ)। - ਤੁਮ ਸਾਥ ਥੇ ਤੋ ਦਿਲ ਨੇ ਵੋ ਚੈਨ ਪਾਇਆ/ ਜੋ ਨ ਮਿਲਾ ਥਾ ਅਬ ਤਕ ਕਿਸੀ ਭੀ ਦਵਾ ਸੇ ( ਮੈਂ ਨੇ ਕਲ ਫਿਰ ਮਾਂਗਾ ਥਾ)।

- ਖ਼ੁਦ ਕੀ ਲਾਸ਼ ਉਠਾ ਕਰ ਅਪਨੇ ਹੀ ਕੰਧੋਂ ਪਰ / ਯੂੰ ਭੀ ਮਰ ਜਾਤੇ ਹੈਂ, ਮਰ ਜਾਨੇ ਵਾਲੇ (ਜ਼ਰਾ ਠਹਿਰ ਜਾ)।

- ਜੀ ਨਾ ਪਾਏਂਗੇ ਤੁਮ ਬਿਨ, ਖ਼ੁਦਾ ਕੀ ਕਸਮ ਹੈ / ਨਾ ਜਾਉ ਨਾ ਜਾਉ ਖ਼ੁਦਾ ਕੇ ਵਾਸਤੇ (ਖ਼ੁਦਾ ਕੇ ਵਾਸਤੇ)।

- ਖ਼ੁਸ਼ ਰਹੇ ਵੋ ਸਦਾ / ਯਹੀ ਦੁਆਏਂ ਕਰਤਾ ਰਹਾ / ਢੂੰਢਤਾ ਰਹਾ ਚਮਨ ਮੇਂ ਉਸੇ / ਔਰ ਤਿਲ-ਤਿਲ ਕਰ ਮਰਤਾ ਰਹਾ (ਹਰ ਕਲੀ ਬਿਖਰ ਗਈ)। - ਹਰ ਵਕਤ ਸਮਾਈ ਰਹਿਤੀ ਹੈ / ਕੋਈ ਮੂਰਤ ਇਸ ਦਿਲ ਮੇਂ / ਬਨ ਗਿਆ ਹੂੰ ਮੈਂ ਪੁਜਾਰੀ / ਔਰ ਯੇ ਦਿਲ ਬੁਤਖ਼ਾਨਾ ਹੋ ਗਿਆ ਹੈ ( ਕਿਸੀ ਕੋ ਅਪਨਾ ਕਹਾ)।

ਬਿਰਹਾ ਦਾ ਤੁੱਠਾ ਹੋਇਆ ਕਿਵੇਂ ਕਿੰਨਾਂ ਦਰਦ ਸਹਿ ਕੇ ਆਪਣੇ ਮਨ ਨੂੰ ਸਮਝਾਉਂਦਾ ਵੀ ਹੈ -

- ਅੱਛਾ ਹਮੇਂ ਮੁਬਾਰਕ ਮਾਤਮ ਕੀ ਗੂੰਜੇਂ / ਤੁਮਹੇਂ ਮੁਬਾਰਕ ਸ਼ਹੀਨਾਈ ਰੇ (ਮੈਂ ਬਿਰਹਾ ਕੀ ਬਿਰਹਾ ਬਾਤੀ)।

- ਐ ਹਵਾ ਮਤ ਬੁਝਾ ਇਸ ਸ਼ਮਾਂ ਕੋ / ਇਸੇ ਇੰਤਜ਼ਾਰ ਹੈ ਕਿਸੀ ਪਰਵਾਨੇ ਕਾ ਸ਼ਾਇਦ (ਐ ਹਵਾ)।

- ਜੀ ਨਾ ਸਕੇਂਗੇ ਤੁਮ ਬਿਨ, ਐਸੀ ਤੋ ਕੋਈ ਬਾਤ ਨਹੀਂ / ਮਗਰ ਜੀਤੇ ਜੀ ਮਰ ਜਾਨਾ ਸਾ ਹੋ ਗਿਆ ਹੈ (ਕੋਈ ਨਯਾ ਸਿਤਮ)।

- ਬਚਾ ਹੀ ਕਿਆ ਹੈ ਅਬ, ਜ਼ੁਬਾਂ ਸੇ ਕਹਿਨੇ ਕੋ /ਬਸ ਲਿਖਨੇ ਲਿਖਾਨੇ ਕੀ ਆਦਤ ਸੀ ਹੋ ਗਈ ਹੈ।

ਕਹਿੰਦੇ ਹਨ ਦੁੱਖਾਂ ਦੀ ਰਾਤ ਪਹਾੜ ਜੇਡੀ ਹੋ ਜਾਂਦੀ ਹੈ। ਲਖਵਿੰਦਰ ਨੂੰ ਵੀ ਇਹ ਚੰਦ ਸਾਲਾਂ ਦਾ ਅਰਸਾ ਕਿਸੇ ਸਦੀ ਵਾਂਗ ਗੁਜ਼ਰਿਆ ਲਗਦਾ ਹੈ। ਧੰਨ ਜਿਗਰਾ ਜਿਸ ਨੇ ਉਸ ਸਦੀ ਨੂੰ ਮਾਰਨ ਦੀ ਜੁਰੱਅਤ ਕਰ ਕੇ, ਦਿਲ ਦੀ ਚੋਰੀ ਕਰ ਕੇ, ਵਿਲਕਦੇ ਲ਼ਫ਼ਜ਼ਾਂ ਨੂੰ ਆਪਣੇ ਦਿਲ ਦੀ ਧੜਕਣ ਬਣਾ ਕੇ, ਰੱਬ ਨੂੰ ਇਕ ਨਿਹੋਰਾ ਦੇ ਕੇ ਜ਼ਿੰਦਗੀ ਤੋਂ ਹਾਰ ਨਹੀਂ ਮੰਨੀਂ। ਇਨ੍ਹਾਂ ਕਵਿਤਾਵਾਂ ਦਾ ਇਹ ਹਾਂਦਰੂ ਪੱਖ ਸਦੀਵੀ ਸੱਚ ਅਤੇ ਪ੍ਰੇਰਣਾਦਾਇਕ ਸੁਨੇਹਾ ਹੈ - ਇਸ ਲੀਏ ਮੈਂ ਨੇ ਭੁਲਾ ਦੀਆ ਹੈ / ਉਸ ਸਦੀ ਕੋ, ਉਸ ਜ਼ਮਾਨੇ ਕੋ / ਜਿਸ ਨੇ ਮੁਝੇ ਮਾਰਨਾ ਚਾਹਾ / ਮਗਰ ਬਚ ਗਿਆ ਹੂੰ / ਦਿਲ ਕੀ ਚੋਰੀ ਕਰ ਕੇ (ਮੈਂ ਗੁਨਾਹਗਾਰ ਹੂੰ)।

ਬਿਰਹਾ ਦੇ ਇਸ ਆਲਮ ਵਿਚ ਇਨ੍ਹਾਂ ਕਵਿਤਾਵਾਂ ਵਿਚ ਕਈ ਸਰੋਕਾਰਾਂ ਵੱਲ ਵੀ ਇਸ਼ਾਰੇ ਮਿਲਦੇ ਹਨ, ਕਿਉਂ ਕਿ ਚੇਤੰਨ ਕਵੀ ਮੌਕੇ ਦੇ ਹਾਲਾਤ ਤੋਂ ਅਭਿੱਜ ਨਹੀਂ ਰਹਿ ਸਕਦਾ, ਨਾ ਹੀ ਇਨ੍ਹਾਂ ਨੂੰ ਅੱਖੋਂ ਪਰੋਖੇ ਕਰ ਸਕਦਾ ਹੈ। ਸਮਾਜਿਕ ਅਤੇ ਰਾਜਸੀ ਹਾਲਾਤ ਦੇ ਨਿਘਾਰ ਬਾਰੇ ਬਹੁਤ ਹੀ ਭਾਵਪੂਰਤ ਸ਼ਬਦਾਂ ਰਾਹੀਂ ਵੱਡੀ ਸਚਾਈ ਬਿਆਨ ਕੀਤੀ ਹੈ - ਸਚਾਈ ਕੇ ਹੋਠੋਂ ਪਰ ਤਾਲਾ ਹੈ / ਔਰ ਈਮਾਨ ਪਰ ਪਹਿਰੇ ਹੋ ਗਏ ਹੈਂ / ਆਂਖੋਂ ਪਰ ਦੌਲਤ ਕਾ ਚਸ਼ਮਾ ਲਗਾਏ / ਹੁਕਮਰਾਨ ਅੰਧੇ ਔਰ ਬਹਿਰੇ ਹੋ ਗਏ ਹੈਂ (ਇਕ ਸ਼ੇਅਰ)।

ਇਨਸਾਨ ਦੇ ਕਿਰਦਾਰ ਵਿਚ ਆਈ ਗਿਰਾਵਟ ਨੂੰ ਇਉਂ ਨੰਗਾ ਕੀਤਾ ਹੈ - ਬਾਤ ਕਰਤੇ ਹੋ ਤੁਮ ਕਿਸ ਇਨਸਾਨੀਅਤ ਕੀ / ਚੰਦ ਸਿੱਕੋਂ ਕੇ ਬਦਲੇ ਮੈਂ ਨੇ ਬਿਕਤਾ ਇਨਸਾਨ ਦੇਖਾ ਹੈ (ਦੇਖਾ ਹੈ)।

ਇਨ੍ਹਾਂ ਕਵਿਤਾਵਾਂ ਦੇ ਰਚਨਾ-ਕਾਲ਼ ਤੱਕ ਮੋਬਾਈਲ ਫੋਨ ਜਾਂ ਈ-ਮੇਲ ਦਾ ਦੌਰ ਹਿੰਦੁਸਤਾਨ ਵਿਚ ਨਹੀਂ ਸੀ ਆਇਆ। ਉਦੋਂ ਖ਼ਬਰਾਂ ਜਾਂ ਸੁਨੇਹੇ ਦੇਣ ਦਾ ਜ਼ਰੀਆ ਖ਼ਤ ਹੁੰਦੇ ਸਨ। ਇਸ ਸੰਗ੍ਰਹਿ ਦੀਆਂ ਤਿੰਨ ਕਵਿਤਾਵਾਂ -ਖ਼ਤ, ਖ਼ਤ-2 ਅਤੇ ਖ਼ਤੋਂ ਕਾ ਬੋਝ - ਇਸ ਦੇ ਵਧੀਆ ਨਮੂਨੇ ਕਹੇ ਜਾ ਸਕਦੇ ਹਨ। ਇਸ਼ਕ-ਮਿਜਾਜ਼ੀ ਜਾਂ ਪਿਆਰ-ਵਿਆਰ ਦੇ ਸੰਬੰਧਾਂ ਬਾਰੇ ਆਮ ਧਾਰਨਾ ਜਾਂ ਹਕੀਕਤ ਇਹੋ ਰਹੀ ਹੈ ਕਿ ਅਮੀਰੀ-ਗ਼ਰੀਬੀ ਦਾ ਪਾੜਾ ਦੋ ਦਿਲਾਂ ਦੇ ਮੇਲ ਵਿਚ ਰੁਕਾਵਟ ਬਣਦਾ ਆਇਆ ਹੈ। ਇਕ ਕਵਿਤਾ ਵਿਚ ਇਸ ਤਰ੍ਹਾਂ ਦਾ ਇਸ਼ਾਰਾ ਵੀ ਮਿਲਦਾ ਹੈ - ਤੁਮਹਾਰੀ ਬੇ-ਰੁਖੀ ਕਾ ਕਾਰਣ / ਮੇਰੀ ਗ਼ਰੀਬੀ ਹੈ ਸ਼ਾਇਦ /ਯੇ ਗ਼ਰੀਬੀ ਤੋ ਬਨੀ / ਮੇਰੀ ਬਦਨਸੀਬੀ ਹੈ ਸ਼ਾਇਦ (ਹਮੇਂ ਛੋੜ ਕਰ)। ਅਚਾਨਕ ਜਦੋਂ ਕੁਝ ਅਣਕਿਆਸਿਆ ਵਾਪਰ ਜਾਵੇ ਤਾਂ ਨਿਰਾਸ਼ਾ ਦਾ ਆਲਮ ਭਾਰੂ ਹੋਣਾ ਸੁਭਾਵਕ ਹੈ - ਗਿਰ ਕਰ ਹੀ ਉਠਨਾ ਨਾ ਚਾਹੇ ਜਬ ਕੋਈ ਖ਼ੁਦ ਹੀ / ਤੋ ਸਹਾਰੋਂ ਕੋ ਕਿਉਂ ਦੋਸ਼ ਦੇਂ (ਕਿਉਂ ਦੋਸ਼ ਦੇਂ)। ਕਵੀ ਅਜਿਹੀ ਸੁੰਦਰ ਮੂਰਤ ਦਿਲ ਵਿਚ ਵਸਾ ਕੇ ਉਸ ਉਪਰ ਨਿਸਾਰ ਹੋ ਰਿਹਾ ਹੈ। ਇਹ ਪ੍ਰਸਥਿਤੀ ਇਸ਼ਕ ਹਕੀਕੀ ਦੀ ਪ੍ਰਤੀਕ ਹੈ। ਇਹ ਜ਼ਿੰਦਗੀ ਦੀ ਅਟੱਲ ਸਚਾਈ ਹੈ ਕਿ ਹਰ ਹਾਲਤ ਵਿਚ ਜੀਣਾ ਪੈਂਦਾ ਹੈ। ਪ੍ਰੋਫੈਸਰ ਮੋਹਨ ਸਿੰਘ ਨੇ ਲਿਖਿਆ ਸੀ - ਮੰਨਿਆਂ ਪਿਆਰ ਹੈ ਉੱਚੀ ਵਸਤੂ, ਪਰ ਜਿਉਣਾ ਹੋਰ ਉਚੇਰਾ। ਲਖਵਿੰਦਰ ਵੀ ਇਸ ਸਚਾਈ ਤੋਂ ਮੁਨਕਰ ਨਹੀਂ - ਪਿਆਰ ਕੇ ਸਿਵਾ ਕੁਛ ਔਰ ਭੀ / ਹੋਤਾ ਹੈ ਜੀਨੇ ਕੇ ਲੀਏ / ਅਮੀਰੀ ਗ਼ਰੀਬੀ ਕਾ ਯੇ ਰਾਜ਼ ਬਤਾਇਆ / ਮਿਹਰਬਾਨੀ ਸਨਮ (ਮਿਹਰਬਾਨੀ ਔਰ ਸਨਮ)। 'ਉਨਕਾ' ਸਿਰਲੇਖ ਹੇਠ ਕਵਿਤਾ ਵਿਚ ਮਾਸ਼ੂਕ ਦੀਆਂ ਸਿਫ਼ਤਾਂ ਦੇ ਪੁਲ਼ ਬੰਨ੍ਹੇਂ ਗਏ ਹਨ ਤੇ ਇਹ ਇਕ ਵਧੀਆ ਕਵਿਤਾ ਦਾ ਨਮੂਨਾ ਹੈ। ਸ਼ਬਦਾਵਲੀ ਦੇਖੋ - ਸਾਰੀ ਕਾਇਨਾਤ ਕੁਰਬਾਨ ਹੈ ਉਸ ਕੀ ਅਦਾਉਂ ਪਰ।

ਸਮੁੱਚੇ ਤੌਰ 'ਤੇ ਥੋੜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਸਾਰੀਆਂ ਕਵਿਤਾਵਾਂ ਕਾਵਿਕ ਗੁਣਾਂ ਅਤੇ ਮਾਪ-ਦੰਡਾਂ ਅਨੁਸਾਰ ਸਲਾਹੁਣਯੋਗ ਹਨ। ਇਹ ਮਨੁੱਖੀ ਮਨ ਦੀਆਂ ਸੱਚੀਆਂ-ਸੁੱਚੀਆਂ ਆਪ-ਮੁਹਾਰੀਆਂ ਕੁਦਰਤੀ ਭਾਵਨਾਵਾਂ ਦੀ ਸਹੀ ਤਰਜਮਾਨੀ ਕਰਦੀਆਂ ਹਨ। ਸ਼ਬਦਾਂ ਦੀ ਚੋਣ ਅਤੇ ਗੋਂਦ ਹੁਨਰਮੰਦੀ ਦੀ ਜਾਮਨ ਹੈ। ਕਿਸੇ ਦੀ ਰੀਸ ਨਹੀਂ ਕੀਤੀ ਗਈ ਨਾ ਹੀ ਕਿਸੇ ਹੋਰ ਦਾ ਪ੍ਰਭਾਵ ਨਜ਼ਰੀਂ ਪੈਂਦਾ ਹੈ। ਕਵੀ ਦੇ ਆਪਣੇ ਅਨੁਭਵ ਹਨ, ਆਪਣੀਆਂ ਭਾਵਨਾਵਾਂ ਹਨ, ਆਪਣੀ ਮੌਲਿਕ ਕਾਵਿ--ਸ਼ੈਲੀ ਹੈ ਅਤੇ ਆਪਣਾ ਹੁਨਰ ਹੈ। 'ਸੋਚਤਾ ਹੂੰ' ਨਾਂ ਦੀ ਖੁੱਲ੍ਹੀ ਕਵਿਤਾ ਵਿਚ ਜਿਸ ਤਰ੍ਹਾਂ ਬੰਜਰ ਦੀਆਂ ਤ੍ਰੇੜਾਂ ਅਤੇ ਹੱਥ ਦੀਆਂ ਲਕੀਰਾਂ ਦੀ ਤਸ਼ਬੀਹ ਹੈ, ਉਹ ਕਵੀ ਦਾ ਕਮਾਲ ਦਾ ਪ੍ਰਗਟਾਵਾ ਹੈ - ਕਿਤਨਾ ਫ਼ਰਕ ਹੈ / ਤੁਮਹਾਰੇ ਪਿਆਰੇ ਨਾਮ ਮੇਂ / ਔਰ ਇਨ ਟੂਟੂ ਫੂਟੀ ਸੀ / ਔਰ ਧੁੰਧਲੀ ਸੀ ਲਕੀਰੋਂ ਮੇਂ / ਬੰਜਰ ਧਰਤੀ ਮੇਂ ਪੜੀ / ਦਰਾਰੋਂ ਕੀ ਤਰਹ / ਯੇ ਮੇਰੇ ਹਾਥ ਕੀ ਲਕੀਰੇਂ / ਔਰ ਸੁਬਾਹ ਕੇ ਗੁਲਾਬੀ / ਆਸਮਾਨ ਕੀ ਤਰਹ / ਤੁਮਹਾਰਾ ਨਾਮ / ਤੋ ਬਰਸੋ ਬਾਦਲ ਬਨ ਕਰ / ਔਰ ਸ਼ਾਇਦ ਮਿਟ ਜਾਏਂ / ਯੇ ਬੰਜਰ ਜੈਸੇ ਹਾਥ ਕੀ ਲਕੀਰੋਂ ਕੇ ਫਾਸਲੇ --- ਔਰ ਕੋਈ ਲਕੀਰ / ਜਾ ਕਰ ਜੁੜ ਜਾਏ ਤੁਮਹਾਰੇ ਨਾਮ ਕੇ ਸਾਥ। ਅਸਲੀਅਤ ਅਤੇ ਕਲਪਣਾ ਦਾ ਇਹ ਸੁਮੇਲ ਕਵਿਤਾ ਨੂੰ ਉੱਚਾ ਦਰਜਾ ਪ੍ਰਦਾਨ ਕਰਦਾ ਹੈ। ਸਰਸਰੀ ਵੇਖਣ ਤੋਂ ਜਾਪਦਾ ਹੈ ਜਿਵੇਂ ਸਾਰੀਆਂ ਕਵਿਤਾਵਾਂ ਵਿਸ਼ੇ ਮੁਤਾਬਕ ਇੱਕੋ ਜਿਹੀਆਂ ਹਨ ਪਰ ਗਹੁ ਨਾਲ਼ ਵਾਚਿਆਂ ਸਮਝ ਆਉਂਦੀ ਹੈ ਹਰੇਕ ਕਵਿਤਾ ਆਪਣੇ ਆਪ ਵਿਚ ਵੱਖਰੀ, ਨਿਵੇਕਲੀ, ਨਿਰਾਲੀ, ਪੂਰਨ ਅਤੇ ਵਿਲੱਖਣ ਹੈ। ਅਜਿਹਾ ਇਨ੍ਹਾਂ ਦੇ ਸਿਰਲੇਖਾਂ ਤੋਂ ਵੀ ਜ਼ਾਹਿਰ ਹੋ ਜਾਂਦਾ ਹੈ। ਹਵਾਲੇ ਦੇਣ ਲਈ ਟੂਕਾਂ ਚੁਣਦਿਆਂ ਬੜੀ ਅਜੀਬ ਹਾਲਤ ਹੋ ਜਾਂਦੀ ਹੈ ਕਿਉਂ ਕਿ ਕੋਈ ਵੀ ਕਵਿਤਾ ਅਣਗੌਲ਼ੀ ਕਰਨਯੋਗ ਨਹੀਂ ਹੈ ਪਰ ਸੰਖੇਪਤਾ ਦੀ ਮੰਗ ਗੁਰੇਜ਼ ਕਰਵਾਉਂਦੀ ਹੈ। ਭਾਸ਼ਾ ਦੀ ਸਾਦਗੀ ਅਤੇ ਸਰਲਤਾ ਕਾਵਿ-ਵੇਗ ਨੂੰ ਸਾਵਾਂ ਬਣਾਈ ਰਖਦੀ ਹੈ। ਰੌਚਿਕਤਾ ਇਨ੍ਹਾਂ ਕਵਿਤਾਵਾਂ ਦਾ ਮੀਰੀ ਗੁਣ ਹੈ। ਕਵੀ ਦੀ ਸੋਚ ਦੀ ਉਡਾਰੀ, ਵਿਚਾਰਾਂ ਦੀ ਗਹਿਰਾਈ, ਸ਼ਬਦ-ਜੜਤ ਦੀ ਸੁਚੱਜੀ ਕਾਰੀਗਰੀ ਅਤੇ ਨਿਵੇਕਲੀ ਪੇਸ਼ਕਾਰੀ ਸਦਕਾ ਲਖਵਿੰਦਰ ਨੂੰ ਇਸ ਪਲੇਠੇ ਕਾਵਿ-ਸੰਗ੍ਰਹਿ ਨੇ ਗੌਲਣਯੋਗ ਕਵੀਆਂ ਦੀ ਕਤਾਰ ਵਿਚ ਲਿਆ ਖੜ੍ਹਾ ਕੀਤਾ ਹੈ। ਮੇਰੀ ਨਿਗੂਣੀ ਰਾਇ ਵਿਚ ਇਹ ਕਾਵਿ-ਸੰਗ੍ਰਹਿ ਕਾਵਿ-ਜਗਤ ਵਿਚ ਨਿਰਾਲਾ ਸਥਾਨ ਰਖਦਾ ਹੈ। ਇਸ ਸੰਭਾਵਨਾਵਾਂ-ਭਰਪੂਰ ਕਵੀ ਤੋਂ ਅਨੇਕਾਂ ਹੋਰ ਮਿਆਰੀ ਕਾਵਿ-ਪੁਸਤਕਾਂ ਦੀ ਉਮੀਦ ਕਰਨੀ ਉਚਿਤ ਹੈ। ਮੈਂ ਜਿੱਥੇ ਲਖਵਿੰਦਰ ਨੂੰ ਇਸ ਪੁਸਤਕ ਲਈ ਵਧਾਈ ਦਿੰਦਾ ਹਾਂ, ਉੱਥੇ ਉਸ ਦਾ ਧੰਨਵਾਦ ਵੀ ਕਰਦਾ ਹਾਂ ਕਿ ਏਨੀ ਉੱਤਮ ਰਚਨਾ ਸਾਡੀ ਝੋਲ਼ੀ ਪਾਈ ਹੈ। ਨਿਰਸੰਦੇਹ, ਸੁੱਚੀਆਂ ਭਾਵਨਾਵਾਂ ਦੇ ਇਹ 'ਸਿਸਕਦੇ ਅਲ਼ਫ਼ਾਜ਼' ਪਾਠਕਾਂ ਦੇ ਮਨਾਂ ਨੂੰ ਟੁੰਬਣਗੇ।

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS


DAWSON'S LANDING
CHESTERMERE
Your Perfect Landing Spot Awaits
ਆਖਿਰੀ ਫੇਸ
ਹੁਣ ਵੇਚ ਰਹੇ ਹਾਂ
ਚੈਸਟਰਮੇਰ ਦੇ ਕੁਦਰਤ ਨਾਲ ਜੁੜੇ ਭਾਈਚਾਰੇ ਵਿੱਚ ਨਿਰਮਾਣ ਕਰਨ ਦਾ ਤੁਹਾਡਾ ਆਖਰੀ ਮੌਕਾ ਇੱਥੇ ਹੈ।
LANED HOMES from the high $400s
FRONT GARAGE DUPLEXES from the high $500s
FRONT GARAGE HOMES from the low $700s
SEMI-ESTATE HOMES from the high $700s
ਡਾਸਨਜ਼ ਲੈਂਡਿੰਗ ਝੀਲ ਦੇ ਕਿਨਾਰੇ ਸਥਿਤ ਚੈਸਟਰਮੇਰ ਸ਼ਹਿਰ ਵਿੱਚ ਇੱਕ ਸਥਾਪਿਤ ਭਾਈਚਾਰਾ ਹੈ,ਜੋ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਭਾਈਚਾਰੇ ਦੇ 5 ਪਾਰਕਾਂ ਵਿੱਚੋਂ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋਵੋ, ਖੇਡ ਦੇ ਮੈਦਾਨ ਵਿੱਚ ਇੱਕ ਦੁਪਹਿਰ ਬਿਤਾਓ, ਬਾਸਕਟਬਾਲ ਪੈਡ 'ਤੇ ਕੁੱਝ ਹੂਪਸ ਸ਼ੂਟ ਕਰੋ, ਜਾਂ ਸੁੰਦਰ ਮਾਰਗ ਪ੍ਰਣਾਲੀ ਦੇ ਨਾਲ ਸੈਰ ਕਰੋ। ਇੱਕ ਡੌਗ ਪਾਰਕ ਹੁਣ ਖੁੱਲ੍ਹਾ ਹੈ, ਅਤੇ ਨੇੜਲੇ ਭਵਿੱਖ ਲਈ ਇੱਕ ਈਕੋ ਪਾਰਕ ਦੀ ਯੋਜਨਾ ਬਣਾਈ ਗਈ ਹੈ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਸੰਪੂਰਨ ਸੁਮੇਲ ਪੇਸ਼ ਕਰਦਾ ਹੈ।
ਆਪਣੇ ਮਨਪਸੰਦ ਬਿਲਡਰ ਨਾਲ ਅੱਜ ਹੀ ਸੰਪਰਕ ਕਰੋ!
• Broadview Homes • Sterling Homes • NuVista Homes
• Truman • Trico Homes • Genesis Builders
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


bridgeport
CHESTERMERE
ਇਸ ਨੂੰ ਬਣਾਓ
ਇਸ ਨੂੰ ਅਕਾਰ ਦਿਓ
ਇਸ ਨੂੰ ਪਿਆਰ ਕਰੋ
ਚੈਸਟਰਮੀਅਰ ਵਿੱਚ ਇੱਕ ਬਿਲਕੁਲ ਨਵੀਂ ਕਮਿਓਨਿਟੀ ਬਣਨ ਜਾ ਰਹੀ ਹੈ, ਅਤੇ ਜਿੰਦਗੀ ਦੀ ਕਹਾਣੀ ਲਿਖਣ ਵਿੱਚ ਤੁਹਾਡੀ ਮੱਦਦ ਕਰ ਸਕਦੀ ਹੈ। ਜਲਦੀ ਪਹੁੰਚੋ, ਜੜ੍ਹਾਂ ਨੂੰ ਹੇਠਾਂ ਰੱਖੋ, ਅਤੇ ਪਹਿਲੇ ਦਿਨ ਤੋਂ ਹੀ ਬ੍ਰਿਜਪੋਰਟ ਦੇ ਕਿਰਦਾਰ ਨੂੰ ਆਕਾਰ ਦੇਣ ਵਿੱਚ ਮਦਦ ਕਰੋ। ਇੱਕ ਘਰ ਲੱਭੋ ਜੋ ਅੱਜ ਤੁਹਾਡੀ ਜ਼ਿੰਦਗੀ ਦੇ ਅਨੁਕੂਲ ਹੈ ਅਤੇ ਇੱਕ ਭਾਈਚਾਰੇ ਵਿੱਚ ਸ਼ਾਮਿਲ ਹੋਵੋ ਜੋ ਤੁਹਾਡੀ ਜਿੰਦਗੀ ਦੀ ਕਹਾਣੀ ਦੇ ਨਾਲ ਨਾਲ ਵਧੇਗਾ।
Find Your Dream Home!
liveinbridgeport.com
LANED DUPLEXES from the mid $500s
LANED HOMES from the high $500s
FRONT GARAGE HOMES from the mid $700s
Our Premier Builders:
• NuVista Homes • Shane Homes
• Sterling Homes • Broadview Homes
• Truman • Trico Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


VANTAGE RISE
ਇਸ ਘਰ ਲਈ ਕਾਲ ਕਰਨ ਵਾਲੇ ਪਹਿਲੇ ਵਿਅਕਤੀ ਬਣੋ
PHASE 1 PRE-SALES NOW UNDERWAY!
Townhomes FROM THE LOW $500s
Laned Homes FROM THE HIGH $500s
Front Garage FROM THE LOW $700s
ਵੈਂਟੇਜ ਰਾਈਜ਼ ਏਅਰਡਰੀ ਦਾ ਸਭ ਤੋਂ ਨਵਾਂ ਭਾਈਚਾਰਾ ਹੈ ਜੋ ਸ਼ਹਿਰੀ ਸਹੂਲਤ ਨੂੰ ਬਾਹਰੀ ਆਕਰਸ਼ਣ ਨਾਲ ਸੁਚਾਰੂ ਢੰਗ ਨਾਲ ਮਿਲਾਉਣ ਲਈ ਤਿਆਰ ਕੀਤਾ ਗਿਆ ਹੈ। ਇਸ ਸੋਚ-ਸਮਝ ਕੇ ਯੋਜਨਾਬੱਧ ਆਂਢ-ਗੁਆਂਢ ਵਿੱਚ ਇੱਕ ਗਤੀਸ਼ੀਲ ਵਪਾਰਕ ਸਾਈਟ ਅਤੇ ਉੱਚ-ਗੁਣਵੱਤਾ ਵਾਲੀਆਂ ਬਾਹਰੀ ਥਾਵਾਂ ਹੋਣਗੀਆਂ। ਕਮਿਊਨਿਟੀ ਕਨੈਕਸ਼ਨ ਅਤੇ ਜੀਵੰਤ ਬਾਹਰੀ ਜੀਵਨ 'ਤੇ ਧਿਆਨ ਕੇਂਦਰਿਤ ਕਰਨ ਦੇ ਨਾਲ, ਵੈਂਟੇਜ ਰਾਈਜ਼ ਏਅਰਡਰੀ ਦੇ ਦੱਖਣ-ਪੱਛਮ ਵਿੱਚ ਇੱਕ ਜੀਵੰਤ ਅਤੇ ਸਵਾਗਤਯੋਗ ਜੋੜ ਹੋਣ ਦਾ ਵਾਅਦਾ ਕਰਦਾ ਹੈ।
Yankee Vallery Blvd
160 ACRES OF SCENIC LIVING
12.25 ACRE COMMERCIAL SITE
15 ACRES OF ACTIVE OUTDOOR SPACE
liveinvantagerise.com
Reach out to a builder to put your lot on hold!
• Broadview Homes • McKee Homes • NuVista Homes • Shane Homes
• Sterling Homes • StreetSide Developments • Trico Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com